
# ਹਸਤੀ ਦੁਨੀਆ

Hansti Duniya (Punjabi)
• Vol. 43 • No. 6 • June 2019

₹15/-







# ਹੰਸਤੀ ਦੁਨੀਆ

• Vol.43 • ਅੰਕ : 06 • ਜੂਨ 2019 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009




*Editor (Honorary)*
Sulekh Singh 'Sathi'

**Email:** editorial@nirankari.org

**Ph.:** 011-47660200
**Fax:** 011-27608215
**Website:** http//www.nirankari.org
kids.nirankari.org








## ਸਤੰਭ


| | |
|---|---|
| ਸਭ ਤੋਂ ਪਹਿਲਾਂ | 04 |
| ਵਿਗਿਆਨ ਪ੍ਰਸ਼ਨੋਤਰੀ | 10 |
| ਹਾਸਾ-ਖੇਡਾ | 16 |
| ਸਾਧਾਰਣ ਗਿਆਨ ਪ੍ਰਸ਼ਨੋਤਰੀ | 19 |
| ਕੀ ਤੁਸੀ ਜਾਣਦੇ ਹੋ? | 27 |
| ਰੰਗ ਭਰੋ ਪ੍ਰਤੀਯੋਗਿਤਾ | 38 |
| ਕਦੇ ਨਾ ਭੁੱਲੋ | 42 |
| ਬੁੱਧੀ ਦੀ ਪਰਖ | 50 |


## ਚਿੱਤਰਕਥਾਵਾਂ


| | |
|---|---|
| ਕਿੱਟੀ | 20 |
| ਦਾਦਾ ਜੀ | 46 |







## Subscription Value

| Country | 1 Year | 3 Years | 5 Years | 11 Years |
|---|---|---|---|---|
| India/Nepal | ₹ 150 | ₹ 400 | ₹ 700 | ₹ 1500 |
| U.K. | £15 | £40 | £70 | £150 |
| Europe | €20 | €55 | €95 | €200 |
| USA | $25 | $70 | $120 | $250 |
| Canada/ Australia | $30 | $85 | $140 | $300 |

**Other Countries**
Equivalent to U.S. Dollars as mentioned above.














## ਕਹਾਣੀਆਂ


ਪਿਤਾ ਦੀ ਸਿਖਿਆ
– ਡਾ. ਪਰਸੂਰਾਮ 06
ਕਛੂਆ ਜਿੱਤ ਗਿਆ
– ਜਸਵਿੰਦਰ ਸ਼ਰਮਾ 12
ਜੈਸੀ ਕਰਨੀ ਵੈਸੀ ਭਰਨੀ
– ਰਾਧੇਲਾਲ ਨਵਚੱਕਰ 28
ਪੜਨ ਦੀ ਲਗਨ
– ਮਦਨ ਨਿਰੰਕਾਰੀ 34
ਪਰਉਪਕਾਰ ਦੀ ਭਾਵਨਾ
– ਕਮਲ ਸੌਂਗਾਨੀ 39
ਸਵੇਰ ਦਾ ਭੁੱਲਿਆ
– ਸੁਕੀਰਤੀ 44


## ਗੀਤ-ਕਵਿਤਾਵਾਂ


ਹਾਏ ਗਰਮੀ
– ਪ੍ਰਿਤਪਾਲ ਸਾਦਿਕ 5
ਕੁੜੀਆਂ ਅਤੇ ਚਿੜੀਆਂ
– ਆਤਮਾ ਸਿੰਘ ਚੜਿੱਕ 11
ਪਿਆਰੀ ਮਾਂ
– ਹਰਿੰਦਰ 18
ਛੁੱਟੀਆਂ
– ਪਰਮਜੀਤ ਕੌਰ 'ਆਸ਼ਟ' 26
ਰੰਗ-ਬਰੰਗੀ ਛੱਤਰੀ
– ਰਣਜੀਤ ਆਜ਼ਾਦ 31
ਗਰਮੀ ਦੀ ਰੁੱਤ
– ਅਸ਼ੋਕ ਬ੍ਰਾਹਮਣਮਾਜਰਾ 36
ਮਹਿਕਾਂ ਦੀ ਫੁਲਵਾੜੀ
– ਜਸਵਿੰਦਰ 43


## ਵਿਸ਼ੇਸ਼ ਲੇਖ


ਜ਼ੈਬਰਾ
– ਡਾ. ਵਿਨੋਦ ਗੁਪਤਾ 09
ਕਮਾਲ ਦੀਆਂ ਤਿਤਲੀਆਂ
– ਕਿਰਨ ਬਾਲਾ 14
ਸਫਰਨਾਮਾ ਰਾਸ਼ਟਰੀ ਝੰਡੇ ਦਾ
– ਕੈਲਾਸ਼ ਜੈਨ 24
ਫਲ-ਫਰੂਟ ਖਾਉ ਬੱਚਿਉ
– ਅਮਰਜੀਤ 32
ਹਰਾ ਧਨੀਆ
– ਕੇ.ਜੇ. ਐਡਵੋਕੇਟ 40



### ਸਭ ਤੋਂ ਪਹਿਲਾਂ

# ਨਿਕੀਆਂ-ਨਿਕੀਆਂ ਗਲਾਂ

ਨੀਰੂ ਦਾ ਚਿਹਰਾ ਉਤਰਿਆ ਹੋਇਆ ਸੀ, ਚਲਣ ਵਿਚ ਵੀ ਕੁਝ ਮੁਸ਼ਕਿਲ ਹੋ ਰਹੀ ਸੀ। ਸਿਮਰਨ ਦੀ ਨਜ਼ਰ ਉਸ ਤੇ ਪਈ ਤਾਂ ਇਕਦਮ ਦੌੜ ਕੇ ਉਸ ਕੋਲ ਪਹੁੰਚੀ ਅਤੇ ਪੁਛਿਆ - ਕੀ ਹੋਇਆ ਨੀਰੂ! ਕਿਵੇਂ ਨਿਢਾਲ ਹੋ ਕੇ ਚਲ ਰਹੀ ਹੈਂ ਤੇ ਤੇਰਾ ਮੂੰਹ ਕਿਉਂ ਉਤਰਿਆ ਹੋਇਆ ਹੈ? ਨੀਰੂ ਕਹਿਣ ਲਗੀ- ਸਿਮਰਨ ਦੋ ਤਿੰਨ ਦਿਨ ਤੋਂ ਤਬੀਅਤ ਠੀਕ ਨਹੀਂ ਸੀ। ਤਿੰਨ ਦਿਨ ਪਹਿਲਾਂ ਬਾਜ਼ਾਰ ਗਈ ਸੀ। ਸੜਕ ਦੇ ਕਿਨਾਰੇ ਤੇ ਕਟੇ ਹੋਏ ਫਲਾਂ ਦੀ ਰੇਹੜੀ ਲਗੀ ਹੋਈ ਸੀ। ਬਸ ਉਥੋਂ ਕੁਝ ਫਲ ਖਾ ਲਏ। ਇਕਦਮ ਪੇਟ ਖਰਾਬ ਹੋ ਗਿਆ, ਉਲਟੀਆਂ ਸ਼ੁਰੂ ਹੋ ਗਈਆਂ। ਤਿੰਨ ਦਿਨ ਬਾਅਦ ਅਜ ਕੁਝ ਠੀਕ ਹੋਈ ਹਾਂ ਤੇ ਬਾਹਰ ਨਿਕਲੀ ਹਾਂ।

ਸਿਮਰਨ ਨੇ ਉਸ ਨੂੰ ਸਮਝਾਉਂਦਿਆਂ ਕਿਹਾ- ਅਕਸਰ ਇੰਝ ਹੋ ਜਾਂਦਾ ਹੈ, ਅਸੀਂ ਧਿਆਨ ਹੀ ਨਹੀਂ ਕਰਦੇ ਕਿ ਕੱਟੇ ਹੋਏ ਫਲਾਂ ਤੇ ਮਖੀਆਂ-ਮੱਛਰ ਬੈਠਦੇ ਰਹਿੰਦੇ ਹਨ ਅਤੇ ਆਪਣੇ ਕੀਟਾਣੂ ਛਡ ਜਾਂਦੇ ਹਨ। ਅਸੀ ਲਾਪਰਵਾਹੀ ਕਰਦੇ ਹਾਂ, ਧਿਆਨ ਨਹੀਂ ਦਿੰਦੇ ਅਤੇ ਉਹ ਕੀਟਾਣੂ ਸਾਡੀ ਬੀਮਾਰੀ ਦਾ ਕਾਰਣ ਬਣ ਜਾਂਦੇ ਹਨ।

ਨੀਰੂ ਨੇ ਹਾਂ ਵਿਚ ਸਿਰ ਹਿਲਾਇਆ। ਸਿਮਰਨ ਫਿਰ ਕਹਿਣ ਲਗੀ - ਨੀਰੂ, ਗਰਮੀਆਂ ਵਿਚ ਤਾਂ ਖਾਸ ਧਿਆਨ ਰਖਣਾ ਚਾਹੀਦਾ ਹੈ, ਅਕਸਰ ਤੇਜ਼ ਧੁਪ ਵਿਚ ਜਾਣਾ ਪੈਂਦਾ ਹੈ। ਪਸੀਨਾ ਆ ਰਿਹਾ ਹੁੰਦਾ ਹੈ ਅਤੇ ਅਸੀਂ ਇਕਦਮ ਪਾਣੀ ਪੀ ਲੈਂਦੇ ਹਾਂ, ਇਹ ਵੀ ਸਿਹਤ ਲਈ ਨੁਕਸਾਨਦਾਇਕ ਹੈ। ਗਰਮੀਆਂ ਵਿਚ ਸਾਨੂੰ ਇਨ੍ਹਾਂ ਕੁਝ ਗਲਾਂ ਦਾ ਧਿਆਨ ਰੱਖਣਾ ਹੀ ਚਾਹੀਦਾ ਹੈ -

- ਧੁੱਪ ਵਿਚ ਬਾਹਰੋ ਆਓ ਤਾਂ ਇਕਦਮ ਪਾਣੀ ਨਾ ਪੀਓ।
- ਜ਼ਿਆਦਾ ਠੰਡਾ ਪਾਣੀ ਵੀ ਗਲੇ ਨੂੰ ਨੁਕਸਾਨ ਪੁਚਾਉਂਦਾ ਹੈ, ਇਸ ਤੋਂ ਬਚੋ।
- ਕੋਸ਼ਿਸ਼ ਕਰੋਂ ਕਿ ਸੁਬ੍ਹਾ ਜਾਂ ਸ਼ਾਮ ਹੀ ਬਾਹਰ ਨਿਕਲੋ।
- ਬਾਜ਼ਾਰ 'ਚੋਂ ਕੱਟੇ ਹੋਏ ਫਲ ਤਾਂ ਬਿਲਕੁਲ ਵੀ ਨਹੀਂ ਖਾਣੇ ਚਾਹੀਦੇ।
- ਧੁੱਪ ਵਿਚ ਬਾਹਰ ਜਾਣ ਤੋਂ ਪਹਿਲਾਂ 1-2 ਗਿਲਾਸ ਪਾਣੀ ਜ਼ਰੂਰ ਪੀ ਲੈਣਾ ਚਾਹੀਦਾ ਹੈ।
- ਬਾਸੀ ਖਾਣਾ ਖਾਣ ਤੋਂ ਵੀ ਪਰਹੇਜ ਕਰਨਾ ਚਾਹੀਦਾ ਹੈ।

ਸਿਮਰਨ ਦੀਆਂ ਇਨ੍ਹਾਂ ਗੱਲਾਂ ਨੂੰ ਨੀਰੂ ਬੜੇ ਧਿਆਨ ਨਾਲ ਸੁਣ ਰਹੀ ਸੀ ਅਤੇ ਹਾਮੀ ਭਰਦਿਆਂ ਉਸਨੇ ਕਿਹਾ- ਸਿਮਰਨ ਤੂੰ ਬਿਲਕੁਲ ਠੀਕ ਕਹਿ ਰਹੀ ਹੈ। ਇਨ੍ਹਾਂ ਨਿਕੀਆਂ ਨਿਕੀਆਂ ਗਲਾਂ ਦਾ ਧਿਆਨ ਕਰਕੇ ਅਸੀਂ ਕਈ ਵੱਡੀਆਂ ਵੱਡੀਆਂ ਬੀਮਾਰੀਆਂ ਤੋਂ ਬਚ ਸਕਦੇ ਹਾਂ।

ਸੁਲੇਖ 'ਸਾਥੀ'
ssathi_2007@yahoo.com



ਕਵਿਤਾ - ਪ੍ਰਿਤਪਾਲ ਸਾਦਿਕ



# ਗਰਮੀ ਆਈ

ਗਰਮੀ ਆਈ, ਗਰਮੀ ਆਈ,
ਸਭਨਾਂ ਨੇ ਸੀ ਰੌਲੀ ਪਾਈ।
ਨਿੰਬੂ ਪਾਣੀ ਪੀਂਦੇ ਜਾਉ,
ਗਰਮੀ ਤੋਂ ਤੁਸੀਂ ਜਾਨ ਛੁਡਾਉ।

ਬਿਜਲੀ ਵਾਲੇ ਵੀ ਨਹੀਂ ਘੱਟ,
ਕੱਟ ਲਗਾਉਂਦੇ ਉਹ ਵੀ ਝੱਟ।
ਪੱਖੇ ਕੂਲਰ ਫਰਿਜ ਵੀ ਬੰਦ,
ਹਵਾ ਪਾਣੀ ਤੋਂ ਸਾਰੇ ਤੰਗ।

ਸੋਹਲ ਦੁਨੀਆਂ ਤੇ ਸੋਹਲ ਹੀ ਕੰਮ,
ਪੱਖੀ ਝੱਲਣ ਦਾ ਹੈ ਨਹੀਂ ਦਮ।
ਮੁੜਕੋ-ਮੁੜਕੀ ਹੋਈ ਜਾਵਣ,
ਪੱਖੀ ਨੂੰ ਨਾ ਹੱਥ ਲਗਾਵਣ।

ਬੱਤੀ ਜਾਵੇ ਮੱਛਰ ਆਏ,
ਉਹ ਵੀ ਆਪਣਾ ਗੀਤ ਸੁਣਾਏ।
ਹੱਸ ਹੱਸ ਕੇ ਦੰਦੀ ਵੱਢ ਜਾਵੇ,
ਲੋਕਾਂ ਨੂੰ ਬੜਾ ਤੜਫਾਵੇ।

ਬੱਚੇ ਰੋ-ਰੋ ਰਾਤ ਲੰਘਾਉਂਦੇ,
ਸਭਨਾਂ ਨੂੰ ਉਹ ਪਏ ਜਗਾਉਂਦੇ।
ਬੁੱਢੇ ਵੀ ਹੋ ਜਾਂਦੇ ਤੰਗ,
ਪੱਖੀ ਝੱਲੋ ਬਹਿ ਕੇ ਸੰਗ।

ਸੋਚ ਕੇ ਸਭ ਦੇ ਸਾਹ ਨੇ ਸੁੱਕੇ,
ਚੰਦਰੀ ਰਾਤ ਹਾਇ! ਕਿਵੇਂ ਮੁੱਕੇ।







ਬਾਲ ਕਹਾਣੀ : ਡਾ· ਪਰਸ਼ੂਰਾਮ

# ਪਿਤਾ ਦੀ ਸਿਖਿਆ

ਦਾਤਾਰਾਮ ਦੇ ਤਿੰਨ ਬੇਟੇ ਸਨ। ਰਾਜਨ, ਮਦਨ ਅਤੇ ਦੇਵ। ਤਿੰਨਾਂ ਭਰਾਵਾਂ ਦੇ ਸੁਭਾਅ ਵਿਚ ਜ਼ਮੀਨ ਆਸਮਾਨ ਦਾ ਫਰਕ ਸੀ। ਵੱਡਾ ਬੇਟਾ ਸਾਫ਼-ਸੁਥਰੇ ਅਤੇ ਸ਼ਾਨਦਾਰ ਸਥਾਨ ਤੇ ਰਹਿਣਾ ਪਸੰਦ ਕਰਦਾ ਸੀ। ਉਸ ਦੀ ਇੱਛਾ ਸੀ ਕਿ ਉਹ ਵੱਡਾ ਹੋ ਕੇ ਨਗਰ ਵਿੱਚ ਆਲੀਸ਼ਾਨ ਬੰਗਲਾ ਬਣਵਾਏ। ਵਿਚਕਾਰਲੇ ਬੇਟੇ ਮਦਨ ਨੂੰ ਵਧੀਆ-ਵਧੀਆ ਚੀਜ਼ਾਂ ਇਕਠਾ ਕਰਨ ਦਾ ਸ਼ੌਕ ਸੀ। ਵਿਦਿਆਰਥੀ ਜੀਵਨ ਵਿਚ ਉਸ ਨੇ ਅਨੇਕਾਂ ਕੀਮਤੀ ਚੀਜ਼ਾਂ ਖਰੀਦ ਲਈਆਂ ਸਨ। ਮਦਨ ਦੀ ਇੱਛਾ ਸੀ ਕਿ ਉਹ ਵੱਡਾ ਹੋ ਕੇ ਜਲਦੀ ਫਰਿਜ, ਟੀ.ਵੀ., ਕਾਰ ਆਦਿ ਸਹੂਲਤ ਦੀਆਂ ਸਾਰੀਆਂ ਚੀਜ਼ਾਂ ਪ੍ਰਾਪਤ ਕਰ ਲਏ। ਸਾਰਿਆਂ ਤੋਂ ਛੋਟਾ ਦੇਵ ਮਸਤਮੌਲਾ ਸੀ। ਉਹਨੂੰ ਨਾ ਘਰ ਦੀ ਚਿੰਤਾ ਸੀ, ਨਾ ਕੀਮਤੀ ਵਸਤੂਆਂ ਇਕੱਠਾ ਕਰਨ ਦਾ ਸ਼ੌਕ, ਦੇਵ ਨੂੰ ਚਿੰਤਾ ਸੀ ਤਾਂ ਬਸ ਪੇਟ ਦੀ। ਉਹ ਖੂਬ ਤਰ-ਮਾਲ ਖਾਂਦਾ ਸੀ ਅਤੇ ਨਿਯਮਤ ਕਸਰਤ ਕਰਦਾ ਸੀ। ਉਸ ਨੇ ਆਪਣੇ ਭਵਿੱਖ ਦੇ ਬਾਰੇ ਵਿਚ ਕੁਝ ਸੋਚਿਆ ਹੀ ਨਹੀਂ ਸੀ।

ਦਾਤਾਰਾਮ ਆਪਣੇ ਤਿੰਨਾਂ ਬੇਟਿਆਂ ਦੇ ਅਲਗ-ਅਲਗ ਸੁਭਾਅ ਕਾਰਣ ਬੜਾ ਦੁੱਖੀ ਸੀ। ਉਸ ਨੇ ਉਹਨਾਂ ਨੂੰ ਬਹੁਤ ਸਮਝਾਇਆ ਲੇਕਿਨ ਕਿਸੇ ਨੇ ਬੁੱਢੇ ਪਿਤਾ ਦੀਆਂ ਗੱਲਾਂ ਤੇ ਧਿਆਨ ਨਹੀਂ ਦਿੱਤਾ। ਆਪਣੇ ਅੰਤਿਮ ਸਮੇਂ ਤੇ ਦਾਤਾਰਾਮ ਨੇ ਤਿੰਨਾਂ ਬੇਟਿਆਂ ਨੂੰ ਬੁਲਾਇਆ ਅਤੇ ਕਿਹਾ - ਮੇਰੇ ਬੱਚਿਉ, ਤੁਸੀ ਤਿੰਨੋਂ ਬਹੁਤ ਚੰਗੇ ਹੋ। ਬਸ ਇਕ ਗੱਲ ਦਾ ਧਿਆਨ ਰੱਖਣਾ ਹਮੇਸ਼ਾਂ ਇਕੱਠੇ ਮਿਲ ਕੇ ਰਹਿਣਾ।

ਤਿੰਨਾਂ ਬੇਟਿਆਂ ਨੇ ਹਮੇਸ਼ਾਂ ਵਾਂਗ ਬੁੱਢੇ ਦਾਤਾਰਾਮ ਦੀ ਨਸੀਹਤ ਤੇ ਕੋਈ ਧਿਆਨ ਨਹੀਂ ਦਿੱਤਾ। ਉਹਨਾਂ ਨੇ ਉਸ ਦੀ ਮੌਤ ਦੇ ਬਾਦ ਜਦੀ-ਜਾਇਦਾਦ ਨੂੰ ਵੇਚ ਕੇ ਰੁਪਿਆਂ ਦਾ ਹਿੱਸਾ ਵੰਡ ਲਿਆ ਅਤੇ ਆਪਣੇ-ਆਪਣੇ ਹਿੱਸੇ ਦੀ ਰਕਮ ਲੈ ਕੇ ਸ਼ਹਿਰ ਚਲੇ ਗਏ।

ਉਹਨਾਂ ਨੂੰ ਸ਼ਹਿਰ ਵਿੱਚ ਕੰਮ ਮਿਲ ਗਿਆ ਅਤੇ ਉਹ ਆਪਣੇ-ਆਪਣੇ ਕੰਮਾਂ ਵਿੱਚ ਲੱਗ ਗਏ। ਹੁਣ ਉਹਨਾਂ ਕੋਲ ਇਕ-ਦੂਜੇ ਨੂੰ ਮਿਲਣ ਦਾ ਸਮਾਂ ਨਹੀਂ ਸੀ।

ਹੌਲੀ-ਹੌਲੀ ਕਈ ਸਾਲ ਗੁਜ਼ਰ ਗਏ। ਇਸ ਵਿਚ ਤਿੰਨਾਂ ਦੇ ਵਿਆਹ ਹੋ ਗਏ ਅਤੇ ਪਰਿਵਾਰ ਵਾਲੇ ਹੋ ਗਏ। ਰਾਜਨ ਦਾ ਮੰਤਵ ਇਕ ਸ਼ਾਨਦਾਰ ਬੰਗਲਾ ਸੀ। ਅੰਤ ਉਸ ਨੇ ਸ਼ਹਿਰ ਆਉਂਦੇ ਹੀ ਇਕ ਸ਼ਾਨਦਾਰ ਬੰਗਲਾ ਬਣਵਾਇਆ। ਪ੍ਰੰਤੂ ਇਸ ਵਿੱਚ ਉਸ ਦਾ ਐਨਾ ਧਨ ਲੱਗ ਗਿਆ ਕਿ ਆਪਣੀ ਲੋੜ ਦੀ ਕੋਈ ਵੀ ਹੋਰ ਚੀਜ਼ ਨਹੀਂ ਖਰੀਦ ਸਕਿਆ ਸੀ।

ਦੂਸਰਾ ਭਰਾ ਮਦਨ ਇਕ ਕਿਰਾਏ ਦੇ ਮਕਾਨ ਵਿਚ ਸ਼ਾਨ ਨਾਲ ਰਹਿ ਰਿਹਾ ਸੀ। ਉਸ ਦੇ ਕੋਲ ਫਰਿਜ, ਟੀ.ਵੀ., ਕਾਰ ਆਦਿ ਸਾਰੀਆਂ ਸੁਖ-ਸਹੂਲਤਾਂ ਦੀਆਂ ਚੀਜ਼ਾਂ ਸਨ। ਉਸ ਦੀ ਪਤਨੀ ਅਤੇ ਬੱਚੇ ਬਹੁਤ ਖੁਸ਼ ਸਨ, ਲੇਕਿਨ ਕਦੇ-ਕਦੇ ਪ੍ਰੇਸ਼ਾਨ ਹੋ ਜਾਂਦਾ। ਜਿਸ ਮਕਾਨ ਵਿੱਚ ਉਹ ਰਹਿੰਦਾ ਸੀ ਉਹ ਐਨਾ ਪੁਰਾਣਾ ਸੀ ਕਿ ਬਰਸਾਤ ਵਿੱਚ ਉਸ ਦੀਆਂ ਛੱਤਾਂ ਟਪਕਦੀਆਂ ਸਨ। ਜਿਸ ਨਾਲ ਉਸ ਦੀਆਂ ਕੀਮਤੀ ਚੀਜ਼ਾਂ ਖਰਾਬ ਹੋ ਜਾਂਦੀਆਂ ਸਨ। ਉਸ ਦਾ ਵੀ ਪੂਰਾ ਧਨ ਕੀਮਤੀ ਵਸਤੂਆਂ ਦੀ ਖ੍ਰੀਦਦਾਰੀ ਵਿੱਚ ਹੀ ਖ਼ਤਮ ਹੋ ਚੁੱਕਾ ਸੀ।

ਤੀਸਰੇ ਭਰਾ ਦੇਵ ਦੇ ਕੋਲ ਨਾ ਆਪਣਾ ਘਰ ਸੀ ਅਤੇ ਨਾ ਹੀ ਐਸ਼ੋ-ਆਰਾਮ ਦੀਆਂ ਕੀਮਤੀ ਵਸਤੂਆਂ। ਪ੍ਰੰਤੂ ਉਹ ਆਪਣੇ ਦੋਹਾਂ ਭਰਾਵਾਂ ਤੋਂ ਜ਼ਿਆਦਾ ਸੁਖੀ ਅਤੇ ਖੁਸ਼ ਸੀ। ਉਸ ਦਾ ਸਰੀਰ ਐਨਾ ਤੰਦਰੁਸਤ ਅਤੇ ਸ਼ਕਤੀਸ਼ਾਲੀ ਸੀ ਕਿ ਨੇੜੇ-ਤੇੜੇ ਦੇ ਲੋਕ ਉਸ ਤੋਂ ਡਰਦੇ ਸਨ। ਸ਼ਕਤੀਸ਼ਾਲੀ ਹੋਣ ਦੇ ਕਾਰਣ ਦੇਵ ਦਾਦਾਗਿਰੀ ਵੀ ਕਰਨ ਲੱਗਾ ਸੀ। ਉਹ ਕਿਸੇ ਤੋਂ ਕੁਝ ਵੀ ਉਧਾਰ ਲੈਂਦਾ ਤਾਂ ਕਦੇ ਵਾਪਿਸ ਨਹੀਂ ਕਰਦਾ। ਉਸ ਦੀ ਦਾਦਾਗਿਰੀ ਤੋਂ ਡਰ ਕੇ ਲੋਕ ਚੁੱਪ ਰਹਿ ਜਾਂਦੇ। ਇਕ ਵਾਰ ਇਕ ਦੁਕਾਨਦਾਰ ਆਪਣੀ ਉਧਾਰੀ ਲੈਣ ਉਸ ਦੇ ਘਰ ਪਹੁੰਚ ਗਿਆ। ਦੇਵ ਨੂੰ ਇਹ ਬੜਾ ਅਪਮਾਨਜਨਕ ਲੱਗਿਆ। ਉਹ ਹਮੇਸ਼ਾਂ ਵਾਂਗ ਦੁਕਾਨਦਾਰ ਨਾਲ ਝਗੜਾ ਕਰਨ ਲੱਗਾ।

ਦੁਕਾਨਦਾਰ ਵੀ ਹੱਟਾ-ਕੱਟਾ ਸੀ। ਉਹ ਦੇਵ ਨਾਲ ਭਿੜ ਗਿਆ। ਪ੍ਰੰਤੂ ਦੇਵ ਨੇ ਉਸ ਨੂੰ ਬਹੁਤ ਮਾਰਿਆ। ਭੀੜ ਇੱਕਠੀ ਹੋ ਗਈ। ਵਿਚਾਰਾ ਦੁਕਾਨਦਾਰ ਖ਼ੂਨ ਨਾਲ ਲੱਥ-ਪੱਥ ਹੋ ਗਿਆ। ਇਸੇ ਸਮੇਂ ਪੁਲਿਸ ਆ ਗਈ ਅਤੇ ਦੇਵ ਨੂੰ ਜੇਲ੍ਹ ਵਿੱਚ ਬੰਦ ਕਰ ਦਿਤਾ ਗਿਆ।

ਦੇਵ ਦੇ ਜੇਲ੍ਹ ਵਿੱਚ ਬੰਦ ਹੁੰਦੇ ਹੀ ਉਸ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ। ਇਸੇ ਮੌਕੇ ਦਾ ਫਾਇਦਾ ਉਠਾ ਕੇ ਦੇਵ ਦੇ ਮਕਾਨ ਮਾਲਿਕ ਨੇ ਵੀ ਉਸ ਦਾ ਸਮਾਨ ਘਰ ਦੇ ਬਾਹਰ ਰੱਖ ਦਿਤਾ। ਉਸ ਨੇ ਪਿਛਲੇ ਕਈ ਮਹੀਨਿਆਂ ਤੋਂ ਮਕਾਨ ਦਾ ਕਿਰਾਇਆ ਨਹੀਂ ਦਿੱਤਾ ਸੀ।

ਦੇਵ ਨੇ ਕਦੇ ਕੁਝ ਬਚਾਇਆ ਨਹੀਂ ਸੀ। ਉਸ ਦੇ ਪਰਿਵਾਰ ਵਾਲਿਆਂ ਦੀ ਭੁੱਖੇ ਮਰਨ ਦੀ ਨੌਬਤ ਆ ਗਈ। ਉਹ ਘਰ ਤੋਂ ਬੇਘਰ ਹੋ ਗਏ।

ਅਚਾਨਕ ਦੇਵ ਨੂੰ ਰਾਜਨ ਅਤੇ ਮਦਨ ਦੀ ਯਾਦ ਆਈ। ਉਸ ਨੇ ਆਪਣੀ ਪਤਨੀ ਨੂੰ ਬੁਲਾਇਆ ਅਤੇ ਮਦਦ ਲਈ ਆਪਣੇ ਵੱਡੇ ਭਰਾਵਾਂ ਕੋਲ ਭੇਜਿਆ।

ਰਾਜਨ ਅਤੇ ਮਦਨ ਦੇ ਮਨ ਬੜੇ ਚੰਗੇ ਸਨ। ਉਹਨਾਂ ਨੇ ਦੇਵ ਦੀ ਪਤਨੀ ਅਤੇ ਬੱਚਿਆਂ ਨੂੰ ਘਰ ਵਿੱਚ ਸਹਾਰਾ ਦਿੱਤਾ ਅਤੇ ਤੁਰੰਤ ਥਾਣੇ ਜਾ ਕੇ ਦੇਵ ਨੂੰ ਛੁੜਵਾਇਆ। ਦੇਵ ਹੁਣ ਰਾਜਨ ਦੇ ਕੋਲ ਰਹਿਣ ਲੱਗਾ।

ਦੇਵ ਅਤੇ ਉਸ ਦੀ ਪਤਨੀ ਅਤੇ ਬੱਚੇ ਰਾਜਨ ਦੇ ਕੋਲ ਬਹੁਤ ਖੁਸ਼ ਸਨ। ਰਾਜਨ ਦਾ ਬੰਗਲਾ ਅਸਲ ਵਿਚ ਸ਼ਾਨਦਾਰ ਸੀ। ਉਸ ਵਿਚ ਕਈ ਕਮਰੇ ਸਨ। ਦੇਵ ਅਤੇ ਉਸ ਦੀ ਪਤਨੀ ਅਤੇ ਬੱਚੇ ਕਦੇ-ਕਦੇ ਮਦਨ ਦੇ ਕੋਲ ਵੀ ਚਲੇ ਜਾਂਦੇ ਸਨ। ਮਦਨ ਦੇ ਕੋਲ ਕਾਰ ਵਿੱਚ ਘੁੰਮਦੇ ਅਤੇ ਰੋਜ਼ ਟੀ.ਵੀ. ਵੇਖਦੇ ਲੇਕਿਨ ਮਦਨ ਦਾ ਘਰ ਵਧੀਆ ਨਹੀਂ ਸੀ।

ਦੇਵ ਆਮ ਬੁੱਧੀ ਦਾ ਸੀ। ਲੇਕਿਨ ਉਸ ਨੂੰ ਵਾਰ-ਵਾਰ ਪਿਤਾ ਦੀ ਨਸੀਹਤ ਯਾਦ ਆਉਂਦੀ 'ਹਮੇਸ਼ਾਂ ਮਿਲ ਕੇ ਇੱਕਠੇ ਰਹਿਣਾ।' ਉਹ ਸੋਚਦਾ 'ਕਾਸ਼! ਅਸੀਂ ਤਿੰਨੋਂ ਭਰਾ ਇੱਕਠੇ ਰਹਿੰਦੇ ਤਾਂ ਸਾਰੇ ਕਿੰਨੇ ਖੁਸ਼ ਹੋ ਜਾਂਦੇ।'

ਦੇਵ ਦੇ ਕਾਰਣ ਰਾਜਨ ਅਤੇ ਮਦਨ ਦਾ ਵੀ ਇਕ-ਦੂਸਰੇ ਦੇ ਘਰ ਆਉਣਾ ਸ਼ੁਰੂ ਹੋ ਗਿਆ। ਜਦ ਤਿੰਨੋਂ ਭਰਾ ਅਤੇ ਉਹਨਾਂ ਦੇ ਪਰਿਵਾਰ ਵਾਲੇ ਇਕੱਠੇ ਹੋ ਜਾਂਦੇ ਤਾਂ ਅਜਿਹਾ ਲੱਗਦਾ ਮੰਨੋ ਕੋਈ ਤਿਉਹਾਰ ਹੋਵੇ। ਬੱਚੇ ਤਾਂ ਵਿਸ਼ੇਸ਼ ਰੂਪ ਨਾਲ ਕਾਫੀ ਖੁਸ਼ ਸਨ।

ਹੌਲੀ-ਹੌਲੀ ਰਾਜਨ ਅਤੇ ਮਦਨ ਨੂੰ ਵੀ ਪਿਤਾ ਦੀ ਨਸੀਹਤ ਯਾਦ ਆਉਣ ਲੱਗੀ।

ਦੋਵੇਂ ਭਰਾ ਇੱਕਠੇ ਰਹਿਣਾ ਚਾਹੁੰਦੇ ਸਨ ਪ੍ਰੰਤੂ ਸੰਕੋਚ ਦੇ ਕਾਰਣ ਇਕ-ਦੂਸਰੇ ਨੂੰ ਕਹਿਣ ਵਿੱਚ ਹਿਚਕ ਰਹੇ ਸਨ। ਤਦੇ ਇਕ ਦੁਰਘਟਨਾ ਹੋ ਗਈ।

ਬਰਸਾਤ ਦੇ ਦਿਨ ਸਨ। ਇਕ ਦਿਨ ਤੇਜ਼ ਪਾਣੀ ਬਰਸਿਆ। ਮਦਨ ਦਾ ਘਰ ਬਹੁਤ ਪੁਰਾਣਾ ਸੀ। ਵਰਖਾ ਨਾਲ ਉਸ ਦੇ ਮਕਾਨ ਦਾ ਅੱਧਾ ਹਿੱਸਾ ਡਿਗ ਗਿਆ। ਅਜਿਹਾ ਲੱਗਦਾ ਸੀ ਮੰਨੋ ਕਦੇ ਵੀ ਪੂਰਾ ਘਰ ਢਹਿ-ਢੇਰੀ ਹੋ ਸਕਦਾ ਹੈ। ਮਦਨ ਦਾ ਕੀਮਤੀ ਸਮਾਨ ਪਾਣੀ ਨਾਲ ਭਿੱਜਣ ਲੱਗਾ।

ਇਸੇ ਸਮੇਂ ਰਾਜਨ ਆ ਗਿਆ। ਉਸ ਨੇ ਮਦਨ ਦੇ ਸਮਾਨ ਦੀ ਦੁਰਦਸ਼ਾ ਵੇਖੀ ਤਾਂ ਉਸ ਤੋਂ ਰਿਹਾ ਨਹੀਂ ਗਿਆ। ਰਾਜਨ ਬੋਲ ਪਿਆ- ਮਦਨ ਉਠੋ, ਆਪਣੇ ਘਰ ਚਲੋ, ਸਾਰਾ ਸਮਾਨ ਲੈ ਕੇ। ਅਸੀਂ ਤਿੰਨੋਂ ਭਰਾ ਇੱਕਠੇ ਰਹਾਂਗੇ। ਤੁਹਾਨੂੰ ਯਾਦ ਹੈ ਸਾਨੂੰ ਪਿਤਾ ਜੀ ਨੇ ਆਖਰੀ ਸਮੇਂ ਇਹੀ ਨਸੀਹਤ ਦਿੱਤੀ ਸੀ। ਲੇਕਿਨ ਅਸੀਂ ਲੋਕ ਉਹਨਾਂ ਦੀ ਗੱਲ ਭੁੱਲ ਗਏ। ਇਸ ਲਈ ਸਾਨੂੰ ਐਨੇ ਕਸ਼ਟ ਉਠਾਣੇ ਪਏ।

ਹਾਂ ਭਾਈ, ਚਲੋ ਹੁਣੇ ਚਲਦੇ ਹਾਂ। ਹੁਣ ਅਸੀਂ ਤਿੰਨੋਂ ਇੱਕਠੇ ਰਹਾਂਗੇ। – ਕਹਿੰਦੇ ਹੋਏ ਮਦਨ ਰਾਜਨ ਨਾਲ ਲਿਪਟ ਗਿਆ। ਦੇਵ ਦੂਰ ਖੜਾ ਉਹਨਾਂ ਦਾ ਮਿਲਣ ਵੇਖ ਰਿਹਾ ਸੀ। ਹੁਣ ਉਹਨਾਂ ਨੂੰ ਕਿਸੇ ਦਾ ਡਰ ਨਹੀਂ ਸੀ। ਘਰ, ਤਾਕਤ, ਧਨ ਆਦਿ ਸਭ ਕੁਝ ਤਾਂ ਸੀ ਉਹਨਾਂ ਦੇ ਕੋਲ। ਪਿਆਰੇ ਬੱਚਿਉ! ਅੱਜ ਉਹਨਾਂ ਨੂੰ ਪਿਤਾ ਜੀ ਦੀਆਂ ਕਹੀਆਂ ਗੱਲਾਂ ਸਮਝ ਆ ਰਹੀਆਂ ਸਨ ਕਿ ਮਿਲਜੁਲ ਕੇ ਰਹਿਣ ਵਿੱਚ ਕਿੰਨੀ ਭਲਾਈ ਹੈ।





❒ ਡਾ: ਵਿਨੋਦ ਗੁਪਤਾ

# ਜੈਬਰਾ

ਭਾਵੇਂ ਜੈਬਰਾ ਘੋੜਾ ਪਰਿਵਾਰ ਦਾ ਮੈਂਬਰ ਹੈ ਪ੍ਰੰਤੂ ਉਹ ਆਪਣੇ ਸਰੀਰ ਤੇ ਬਣੀਆਂ ਧਾਰੀਆਂ ਦੇ ਕਾਰਨ ਆਪਣੀ ਅਲੱਗ ਪਹਿਚਾਨ ਰੱਖਦਾ ਹੈ।

ਜੈਬਰਾ ਦੇ ਸਰੀਰ ਵਿੱਚ ਪੇਟ ਦੇ ਇਲਾਵਾ ਸਾਰੇ ਸਥਾਨਾਂ ਤੇ ਕਾਲੀਆਂ ਅਤੇ ਸਫੈਦ ਪੱਟੀਆਂ ਜਾਂ ਧਾਰੀਆਂ ਹੁੰਦੀਆਂ ਹਨ। ਇਥੋਂ ਤਕ ਕਿ ਉਸਦੀ ਗਰਦਨ ਦੇ ਵਾਲਾਂ ਵਿੱਚ ਵੀ ਇਹ ਪੱਟੀਆਂ ਹੁੰਦੀਆਂ ਹਨ। ਨਵਜਾਤ ਸ਼ਿਸ਼ੂ ਦੀਆਂ ਧਾਰੀਆਂ ਭੂਰੇ ਰੰਗ ਦੀਆਂ ਹੁੰਦੀਆਂ ਹਨ

ਜੈਬਰਾ ਦੀਆਂ ਧਾਰੀਆਂ ਹੀ ਉਸਦਾ ਸੁਰੱਖਿਆ ਕਵੱਚ ਹੈ। ਸ਼ੇਰ ਇਹਨਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਜਦ ਜੈਬਰੇ ਸਮੂਹ ਵਿੱਚ ਰਹਿੰਦੇ ਹਨ ਤਾਂ ਸ਼ੇਰ ਲਈ ਕਿਸੀ ਇਕ ਜੈਬਰਾ ਨੂੰ ਨਿਸ਼ਾਨਾ ਬਣਾਉਣਾ ਬੜਾ ਮੁਸ਼ਕਿਲ ਹੁੰਦਾ ਹੈ ਕਿਉਂਕਿ ਇਹਨਾਂ ਧਾਰੀਆਂ ਦੀ ਵਜ੍ਹਾ ਨਾਲ ਉਸ ਦੀਆਂ ਅੱਖਾਂ ਚੁੰਦਆਈਆਂ ਜਾਂਦੀਆਂ ਹਨ। ਇਸਦੇ ਇਲਾਵਾ ਝੁੰਡ ਵਿੱਚ ਸ਼ਾਮਿਲ ਜੈਬਰਿਆਂ ਦੀਆਂ ਧਾਰੀਆਂ ਆਪਸ ਵਿੱਚ ਘਾਲਮੇਲ ਕਰ ਦਿੰਦੀਆਂ ਹਨ ਜਿਸ ਦੀ ਵਜ੍ਹਾ ਨਾਲ ਸ਼ੇਰ ਨੂੰ ਕਿਸੇ ਇਕ ਜੇਬਰਾ ਦੇ ਸਿਰ, ਪੈਰ ਦਾ ਪਤਾ ਨਹੀਂ ਚਲ ਸਕਦਾ।

ਜੈਬਰਾ ਦੀਆਂ ਧਾਰੀਆਂ ਉਹਨਾਂ ਨੂੰ ਆਪਣੇ ਝੁੰਡ ਦੀ ਪਹਿਚਾਨ ਕਰਾਉਂਦੀਆਂ ਹਨ। ਇਹਨਾਂ ਦੇ ਕਾਰਣ ਝੁੰਡ ਦੇ ਮੈਂਬਰ ਇਕ-ਦੂਸਰੇ ਨੂੰ ਪਹਿਚਾਣਦੇ ਹਨ।

ਉਂਝ ਤਾਂ ਜੈਬਰਾ ਝੁੰਡ ਵਿੱਚ ਹੀ ਰਹਿੰਦੇ ਹਨ ਲੇਕਿਨ ਕਦੇ-ਕਦੇ ਝੁੰਡ ਦਾ ਕੋਈ ਮੈਂਬਰ ਰਾਹ ਭਟਕ ਜਾਂਦਾ ਹੈ ਜਾਂ ਗਵਾਚ ਜਾਂਦਾ ਹੈ ਤਾਂ ਅਜਿਹੀ ਹਾਲਤ ਵਿੱਚ ਝੁੰਡ ਦੇ ਮੈਂਬਰ ਉਹਨੂੰ ਲੱਭਦੇ ਹਨ।

ਇਹਨਾਂ ਦੇ ਝੁੰਡ ਦੋ ਤਰ੍ਹਾਂ ਦੇ ਹੁੰਦੇ ਹਨ। ਇਕ ਝੁੰਡ ਵਿੱਚ ਨਾਬਾਲਗ ਨਰ ਹੁੰਦੇ ਹਨ ਜਦਕਿ ਦੂਸਰੇ ਝੁੰਡ ਵਿੱਚ ਇਕ ਬਾਲਗ਼ ਨਰ ਅਤੇ ਉਸਦੇ ਨਾਲ 6 ਤੋਂ 8 ਮਾਦਾਏਂ ਅਤੇ ਉਹਨਾਂ ਦੇ ਬੱਚੇ ਹੁੰਦੇ ਹਨ। ਝੁੰਡ ਦਾ ਸਰਦਾਰ ਬਦਲਦਾ ਰਹਿੰਦਾ ਹੈ। ਵਿਜੇਤਾ ਜੈਬਰਾ ਹਾਰੇ ਹੋਏ ਝੁੰਡ ਤੇ ਆਪਣਾ ਅਧਿਕਾਰ ਜਮਾ ਲੈਂਦਾ ਹੈ।

ਜੈਬਰਿਆਂ ਦੇ ਝੁੰਡ ਦੀ ਆਪਣੀ ਇਕ ਖਾਸੀਅਤ ਹੁੰਦੀ ਹੈ। ਜਦ ਉਹ ਭੋਜਨ-ਪਾਣੀ ਦੀ ਭਾਲ ਵਿੱਚ ਨਿਕਲਦੇ ਹਨ ਤਾਂ ਮੁਖ ਮਾਦਾ ਝੁੰਡ ਦੇ ਅਗੇ ਚਲਦੀ ਹੈ ਅਤੇ ਨਰ ਸਭ ਤੋਂ ਪਿੱਛੇ ਹੁੰਦੇ ਹਨ। ਮਾਦਾ ਦੇ ਨਾਲ ਉਸਦੇ ਬੱਚੇ ਹੁੰਦੇ ਹਨ। ਆਪਣੇ ਝੁੰਡ ਦੀ ਰੱਖਿਆ ਕਰਨ ਲਈ ਨਰ ਚੇਤੰਨ ਹੋ ਕੇ ਚੱਲਦੇ ਹਨ ਤਾਂਕਿ ਕੋਈ ਦੁਸ਼ਮਣ ਝੁੰਡ ਤੇ ਹਮਲਾ ਨਾ ਕਰੇ। ਜੈਬਰਾ ਕਾਫੀ ਤਾਕਤਵਰ ਪ੍ਰਾਣੀ ਹੈ। ਸੰਕਟ ਤੇ ਸਮੇਂ ਉਹ ਸਮੂਹਿਕ ਰੂਪ ਨਾਲ ਦੁਸ਼ਮਣ ਦਾ ਮੁਕਾਬਲਾ ਕਰਦੇ ਹਨ।

ਕਿਸੇ ਸਮੇਂ ਜੈਬਰਾ ਦੀਆਂ ਚਾਰ ਪ੍ਰਜਾਤੀਆਂ ਸਨ ਲੇਕਿਨ ਅੱਜ ਇਹਨਾਂ ਦੀਆਂ ਤਿੰਨ ਪ੍ਰਜਾਤੀਆਂ ਹੀ ਬਚੀਆਂ ਹਨ। ਆਮ ਮਿਲਣ ਵਾਲੀ ਪ੍ਰਜਾਤੀ ਇਕਵਸ ਕਵੈਗਰ ਹੈ ਜਿਸ ਨੂੰ ਮੈਦਾਨੀ ਜੈਬਰਾ ਵੀ ਕਿਹਾ ਜਾਂਦਾ ਹੈ। ਇਹ ਪ੍ਰਜਾਤੀ ਇਥਿਉਪੀਆ ਦੇ ਦੱਖਣ ਵਿੱਚ ਮਿਲਦੀ ਹੈ। ਇਕਵਸ ਗ੍ਰੇਵੀ ਨਾਮਕ ਦੂਸਰੀ ਪ੍ਰਜਾਤੀ ਸੋਮਾਲਿਆ ਵਿੱਚ ਪਾਈ ਜਾਂਦੀ ਹੈ। ਤੀਸਰੀ ਜਾਤੀ ਨੂੰ ਇਕਵਸ ਜੈਬਰਾ ਜਾਂ ਪਹਾੜੀ ਜੈਬਰਾ ਕਹਿੰਦੇ ਹਨ। ਇਹ ਨਾਮੀਬਿਆ ਦੀਆਂ ਪਹਾੜੀਆਂ ਵਿੱਚ ਪਾਇਆ ਜਾਂਦਾ ਹੈ। ਚੌਥੀ ਪ੍ਰਜਾਤੀ ਜੋ ਲੁਪਤ ਹੋ ਚੁੱਕੀ ਹੈ, ਦਾ ਨਾਮ ਕਵਾਗਾ ਸੀ।

ਜੈਬਰਾ ਤੇਜ ਦੌੜਨ ਵਿੱਚ ਵੀ ਮਾਹਿਰ ਹੁੰਦੇ ਹਨ। ਇਹਨਾਂ ਦੀ ਗਤੀ 50 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਇਹਨਾਂ ਦੀਆਂ ਲੱਤਾਂ ਕਾਫੀਆਂ ਲੰਮੀਆਂ ਹੁੰਦੀਆਂ ਹਨ ਜਿਨ੍ਹਾਂ ਦੀ ਮਦਦ ਨਾਲ ਇਹ ਨਾ ਕੇਵਲ ਤੇਜ ਦੌੜ ਸਕਦੇ ਹਨ ਬਲਕਿ ਲੰਮੀਆਂ-ਲੰਮੀਆਂ ਛਲਾਂਘਾ ਵੀ ਲਗਾਉਂਦੇ ਹਨ।

ਘੋੜੇ ਜਾਂ ਗਧੇ ਵਾਂਗ ਜੈਬਰਾ ਨੂੰ ਪਾਲਤੂ ਨਹੀਂ ਬਣਾਇਆ ਜਾ ਸਕਦਾ। ਜੰਗਲ ਹੀ ਉਹਨਾਂ ਨੂੰ ਚੰਗਾ ਲੱਗਦਾ ਹੈ। ਇਹਨਾਂ ਨੂੰ ਚਿੜੀਆ ਘਰ ਵਿੱਚ ਵੇਖਿਆ ਜਾ ਸਕਦਾ ਹੈ। ■

# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ :** ਨਦੀ ਦੀ ਬਜਾਇ ਸਮੁੰਦਰ ਦੇ ਪਾਣੀ ਵਿੱਚ ਤਰਨਾ ਆਸਾਨ ਕਿਉ ਹੁੰਦਾ ਹੈ?

**ਉੱਤਰ :** ਕਿਸੇ ਵਸਤੂ ਦੇ ਇਕਾਂਕ (ਨੰਬਰ ਇਕ) ਦੀ ਅਨੁਕੂਲਤਾ ਨੂੰ ਉਸ ਵਸਤੂ ਦਾ ਘਣਤਵ ਕਹਿੰਦੇ ਹਨ। ਨਦੀ ਦੀ ਬਜਾਇ ਸਮੁੰਦਰ ਦੇ ਪਾਣੀ ਦਾ ਘਣਤਵ ਜ਼ਿਆਦਾ ਹੁੰਦਾ ਹੈ। ਜਦ ਤੁਸੀਂ ਸਮੁੰਦਰ ਦੇ ਪਾਣੀ ਵਿੱਚ ਤੈਰ ਰਹੇ ਹੁੰਦੇ ਹੋ ਤਾਂ ਤੁਹਾਡੇ ਦੁਆਰਾ ਹਟਾਏ ਗਏ ਪਾਣੀ ਦਾ ਵੀ ਭਾਰ ਨਦੀ ਵਿੱਚ ਤੈਰਨ ਤੇ ਹਟਾਏ ਗਏ ਪਾਣੀ ਦੇ ਭਾਰ ਤੋਂ ਜ਼ਿਆਦਾ ਹੁੰਦਾ ਹੈ। ਅੰਤ ਸਮੁੰਦਰ ਦੇ ਪਾਣੀ ਵਿੱਚ ਤੁਹਾਡੇ ਭਾਰ ਵਿੱਚ ਨਦੀ ਦੀ ਬਜਾਏ ਜ਼ਿਆਦਾ ਕਮੀ ਆ ਜਾਂਦੀ ਹੈ। ਦੂਸਰੇ ਪਾਸੇ, ਜ਼ਿਆਦਾ ਘਣਤਵ ਦੇ ਕਾਰਣ ਸਮੁੰਦਰ ਦੇ ਪਾਣੀ ਵਿੱਚ ਉਤਪਲਾਵਨ-ਬਲ (ਵਸਤੂ ਨੂੰ ਦ੍ਰਵ ਵਿੱਚ ਡੁਬੋਣ ਤੇ ਦ੍ਰਵ ਦੁਆਰਾ ਉਸ ਦੇ ਉਪਰ ਵੱਲ ਲਗਾਇਆ ਗਿਆ ਬਲ) ਵੀ ਜ਼ਿਆਦਾ ਲੱਗਦਾ ਹੈ ਜਿਸ ਨਾਲ ਤੁਸੀਂ ਆਸਾਨੀ ਨਾਲ ਤੈਰ ਸਕਦੇ ਹੋ।

**ਪ੍ਰਸ਼ਨ :** ਨਮਕੀਨ ਪਾਣੀ ਵਿੱਚ ਆਂਡਾ ਕਿਉਂ ਤਰਦਾ ਹੈ?

**ਉੱਤਰ :** ਆਮ ਤੌਰ ਤੇ ਪਾਣੀ ਦਾ ਘਣਤਵ ਘੱਟ ਹੁੰਦਾ ਹੈ ਪ੍ਰੰਤੂ ਨਮਕ ਮਿਲਾਉਦੇ ਹੀ ਪਾਣੀ ਦਾ ਘਣਤਵ ਵੀ ਵਧਣ ਲੱਗਦਾ ਹੈ। ਜਦ ਘਣਤਵ ਵਿਚ ਵਾਧਾ ਹੋ ਜਾਂਦਾ ਹੈ ਤਾਂ ਸੁਭਾਵਿਕ ਹੈ ਕਿ ਉਤਪਲਾਵਨ-ਬਲ ਵਿੱਚ ਵੀ ਵਾਧਾ ਹੋਵੇ। ਬਸ, ਇਸੇ ਕਾਰਣ ਨਾਲ ਸਾਧਾਰਣ ਜਲ ਦੀ ਬਜਾਏ ਨਮਕੀਨ ਪਾਣੀ ਵਿੱਚ ਆਂਡਾ ਸਰਲਤਾ ਨਾਲ ਤੈਰਦਾ ਰਹਿੰਦਾ ਹੈ।

**ਪ੍ਰਸ਼ਨ :** ਲੋਹੇ ਦਾ ਬਣਿਆ ਹੋਇਆ ਜਹਾਜ ਪਾਣੀ ਵਿੱਚ ਤਰਦਾ ਹੈ ਪ੍ਰੰਤੂ ਲੋਹੇ ਦੀ ਸੂਈ ਪਾਣੀ ਵਿੱਚ ਕਿਉ ਡੁੱਬ ਜਾਂਦੀ ਹੈ?

**ਉੱਤਰ :** ਕਿਸੇ ਵੀ ਵਸਤੂ ਦੇ ਪਾਣੀ ਵਿੱਚ ਤਰਨ ਲਈ ਇਹ ਜ਼ਰੂਰੀ ਹੈ ਕਿ ਉਸਦੇ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਉਸ ਤੋਂ ਜ਼ਿਆਦਾ ਹੋਵੇ। ਲੋਹੇ ਦਾ ਬਣਿਆ ਹੋਇਆ ਜਹਾਜ਼ ਜਦ ਪਾਣੀ ਵਿਚ ਚਲਦਾ ਹੈ ਤਾਂ ਉਸ ਦੇ ਦੁਆਰਾ ਹਟਾਏ ਗਏ ਪਾਣੀ ਦਾ ਭਾਰ ਜਹਾਜ਼ ਦੇ ਭਾਰ ਤੋਂ ਜ਼ਿਆਦਾ ਹੁੰਦਾ ਹੈ। ਦੂਸਰੇ ਪਾਸੇ, ਸੂਈ ਨੂੰ ਪਾਣੀ ਵਿੱਚ ਪਾਉਣ ਤੇ ਉਹ ਆਪਣੇ ਭਾਰ ਤੋਂ ਘੱਟ ਭਾਰ ਦਾ ਪਾਣੀ ਹੀ ਹਟਾ ਪਾਉਂਦੀ ਹੈ। ਸਿੱਟੇ ਵਜੋਂ, ਸੂਈ ਪਾਣੀ ਵਿੱਚ ਡੁੱਬ ਜਾਂਦੀ ਹੈ ਅਤੇ ਲੋਹੇ ਦਾ ਬਣਿਆ ਹੋਇਆ ਜਹਾਜ਼ ਪਾਣੀ ਵਿੱਚ ਤਰਦਾ ਰਹਿੰਦਾ ਹੈ।

**ਪ੍ਰਸ਼ਨ :** ਪਾਣੀ ਭਰਨ ਨਾਲ ਗੁਬਾਰਾ ਕਿਉਂ ਫੁੱਲ ਜਾਂਦਾ ਹੈ?

**ਉੱਤਰ :** ਕਿਸੇ ਵਸਤੂ ਦੇ ਤਲ ਤੇ ਲੰਬਕਾਰ ਲਗਾਉਣ ਵਾਲੇ ਬਲ ਨੂੰ ਪ੍ਰਣੋਦ ਕਹਿੰਦੇ ਹਨ। ਗੁਬਾਰੇ ਵਿੱਚ ਪਾਣੀ ਭਰਨ ਤੇ ਉਸ ਦੀ ਸਤਹ ਤੇ ਇਹੀ ਬਲ ਕਾਰਜ ਕਰਦਾ ਹੈ ਜਿਸ ਦੇ ਕਾਰਣ ਗੁਬਾਰਾ ਫੁੱਲ ਜਾਂਦਾ ਹੈ। ਜਿਵੇਂ-ਜਿਵੇਂ ਤੁਸੀਂ ਗੁਬਾਰਿਆਂ ਵਿੱਚ ਜ਼ਿਆਦਾ ਪਾਣੀ ਪਾਉਂਦੇ ਜਾਂਦੇ ਹੋ, ਗੁਬਾਰਾ ਵੀ ਹੋਰ ਜ਼ਿਆਦਾ ਫੁੱਲਦਾ ਰਹਿੰਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਜ਼ੋਰ ਵਧ ਜਾਂਦਾ ਹੈ ਕਿਉਂਕਿ ਜ਼ੋਰ ਸਦਾ ਦ੍ਰਵ ਦੀ ਉਚਾਈ ਤੇ ਹੀ ਨਿਰਭਰ ਕਰਦਾ ਹੈ। ❑

❒ ਆਤਮਾ ਸਿੰਘ ਚੜਿੱਕ

# ਕੁੜੀਆਂ ਅਤੇ ਚਿੜੀਆਂ



ਗੀਤ ਨਗਮੇਂ ਗੁਨਗੁਨਾਉਣ ਕੁੜੀਆਂ ਅਤੇ ਚਿੜੀਆਂ।
ਨਸੀਬਾਂ ਵਾਲੇ ਘਰੀਂ ਆਉਣ ਕੁੜੀਆਂ ਅਤੇ ਚਿੜੀਆਂ।

ਕਦੇ ਪਿਆਰ ਨਾਲ ਆਪਣੇ ਘਰਾਂ ਨੂੰ ਵੇਖੋ ਤੇ ਸੋਚੋ,
ਅਪਣਤ ਨਿਗੁਣੀ ਜਿਹੀ ਚਾਹਣ ਕੁੜੀਆਂ ਅਤੇ ਚਿੜੀਆਂ।

ਲੈ ਜਾਵਣ ਨਾਲ ਆਪਣੇ ਸਮੇਟ ਕੇ ਰੌਣਕਾਂ ਤੇ ਖੁਸ਼ੀਆਂ,
ਜਿਨ੍ਹਾਂ ਥਾਵਾਂ ਤੋਂ ਉੱਡ ਜਾਣ ਕੁੜੀਆਂ ਅਤੇ ਚਿੜੀਆਂ।

ਅੱਜ ਰੁੱਖਾਂ ਤੇ ਕੁੱਖਾਂ ਦਾ ਬਣ ਗਿਆ ਜ਼ਮਾਨਾ ਦੁਸ਼ਮਣ,
ਕਿੰਝ ਆਪਣੇ ਆਪ ਨੂੰ ਬਚਾਣ ਕੁੜੀਆਂ ਅਤੇ ਚਿੜੀਆਂ।

ਹੱਕ ਜੀਣ ਦਾ ਪੂਰਾ ਇਹਨਾਂ ਨੂੰ ਵੀ ਮਿਲੇ 'ਆਤਮ',
ਕਿਉਂ ਡਰ-ਡਰ ਉਮਰਾਂ ਲੰਘਾਂਣ ਕੁੜੀਆਂ ਅਤੇ ਚਿੜੀਆਂ।



ਜਸਵਿੰਦਰ ਸ਼ਰਮਾ

# ਕੱਛੂਆ ਜਿੱਤ ਗਿਆ



ਗੱਲਾਂ ਵਿੱਚ ਰਾਧਿਕਾ ਬਹੁਤ ਚਤੁਰ ਸੀ ਮਗਰ ਪੜਾਈ ਵਿੱਚ ਉਸਦਾ ਮਨ ਨਹੀਂ ਲੱਗਦਾ ਸੀ। ਕਿਤਾਬਾਂ ਵੇਖਦੇ ਹੀ ਉਸ ਨੂੰ ਸੁਸਤੀ ਆ ਘੇਰਦੀ ਸੀ। ਉਸਦੀ ਮੰਮੀ ਉਹਨੂੰ ਕਿਤਾਬ ਦੇ ਕੇ ਜਾਂਦੀ ਅਤੇ ਕੁਝ ਦੇਰ ਬਾਅਦ ਵਾਪਸ ਆ ਕੇ ਵੇਖਦੀ ਤਾਂ ਰਾਧਿਕਾ ਜਾਂ ਤਾਂ ਕਾਪੀ-ਕਿਤਾਬ ਤੇ ਚਿੱਤਰਕਾਰੀ ਕਰ ਰਹੀ ਹੁੰਦੀ ਜਾਂ ਬੈਠੇ-ਬੈਠੇ ਉਬਾਸੀਆਂ ਲੈ ਰਹੀ ਹੁੰਦੀ। ਮੰਮੀ ਉਸ ਨੂੰ ਖੂਬ ਡਾਂਟਦੀ ਸੀ। ਉਸਦੀ 'ਰਿਪੋਰਟ ਕਾਰਡ' ਵਿੱਚ ਹਰ ਵਿਸ਼ੇ ਦੇ ਹੇਠਾਂ ਲਾਲ ਸਿਆਹੀ ਨਾਲ ਰੇਖਾਵਾਂ ਖਿਚੀਆਂ ਹੋਈਆਂ ਹੁੰਦੀਆਂ ਅਤੇ ਟਿੱਪਣੀ ਵਾਲੇ ਖਾਨੇ ਵਿੱਚ ਲਿਖਿਆ ਹੁੰਦਾ - 'ਸੁਸਤ', 'ਹਰ ਵਿਸ਼ੇ ਵਿੱਚ ਕਮਜ਼ੋਰ', 'ਪਾਸ ਹੋਣਾ ਹੈ ਤਾਂ ਮਿਹਨਤ ਕਰੋ' ਆਦਿ।

ਰਾਧਿਕਾ ਦਾ ਛੋਟਾ ਭਰਾ ਪੜਾਈ ਵਿੱਚ ਬਹੁਤ ਵਧੀਆ ਸੀ। ਉਹ ਆਪਣਾ ਹੋਮਵਰਕ ਲਗਨ ਦੇ ਨਾਲ ਸਮੇਂ ਸਿਰ ਕਰਦਾ ਸੀ। ਉਸਦੀ ਲਿਖਾਈ ਵੀ ਬਹੁਤ ਚੰਗੀ ਸੀ। ਮੰਮੀ-ਪਾਪਾ ਦੇ ਮੂੰਹ ਤੋਂ ਰਾਧਿਕਾ ਉਸਦੀ ਤਰੀਫ ਸੁਣਦੀ ਤਾਂ ਮਨ ਮਸੋਸ ਕੇ ਰਹਿ ਜਾਂਦੀ। ਰਾਧਿਕਾ ਨੂੰ ਸੌਣਾ ਚੰਗਾ ਲੱਗਦਾ ਸੀ ਅਤੇ ਸਹੇਲੀਆਂ ਦੇ ਨਾਲ ਗੱਪਾਂ ਮਾਰਨ ਵਿੱਚ ਬਹੁਤ ਮਜਾ ਆਉਂਦਾ ਸੀ। ਪੜਾਈ ਦੇ ਨਾਮ ਤੇ ਤਾਂ ਉਸ ਦੀਆਂ ਅੱਖਾਂ ਬੰਦ ਹੋਣ ਲੱਗਦੀਆਂ ਸਨ।

ਸਕੂਲਾਂ ਵਿੱਚ ਛੁੱਟੀਆਂ ਹੋ ਗਈਆਂ ਸਨ। ਬੱਚਿਆਂ ਦੇ ਖੂਬ ਮਜੇ ਸਨ। ਉਹ ਹਰ ਸਮੇਂ ਖੇਡਦੇ ਰਹਿੰਦੇ। ਬੰਟੀ ਵੀ ਖੇਡ ਵਿੱਚ ਮਸਤ ਰਹਿੰਦਾ ਸੀ। ਮੰਮੀ-ਪਾਪਾ ਨੇ ਉਹਨੂੰ ਕ੍ਰਿਕੇਟ ਦਾ ਨਵਾਂ ਬੈਟ ਲਿਆ ਕੇ ਦਿਤਾ ਸੀ। ਉਹ ਆਸਪਾਸ ਦੇ ਲੜਕਿਆਂ ਦੇ ਨਾਲ ਦਿਨਭਰ ਖੇਡਦਾ ਰਹਿੰਦਾ।

ਰਾਧਿਕਾ ਦੀ ਨਾਨੀ ਵੀ ਉਹਨਾਂ ਦੇ ਘਰ ਆਈ ਸੀ। ਰਾਧਿਕਾ ਦੇ ਹੋਰ ਵੀ ਮਜੇ ਹੋ ਗਏ। ਉਹ ਨਾਨੀ ਦੇ ਕੋਲ ਹੀ ਸੌਂਦੀ ਸੀ ਅਤੇ ਉਸ ਤੋਂ ਕਹਾਣੀ ਸੁਣਨ ਦੀ ਜਿੱਦ ਕਰਦੀ ਸੀ। ਇਕ ਦਿਨ ਨਾਨੀ ਨੇ ਉਹਨੂੰ ਕੱਛੂਏ ਅਤੇ ਖਰਗੋਸ਼ ਦੀ ਕਹਾਣੀ ਸੁਣਾਈ ਕਿ ਕਿਸ ਤਰ੍ਹਾਂ ਘਮੰਡੀ ਖਰਗੋਸ਼ ਕੁਝ ਦੇਰ ਤਕ ਤੇਜ ਭੱਜਣ ਦੇ ਬਾਦ ਇਕ ਰੁੱਖ ਦੀ ਛਾਂ ਹੇਠ ਚੈਨ ਨਾਲ ਸੌਂ ਜਾਂਦਾ ਹੈ ਅਤੇ ਕੱਛੂਆ ਆਪਣੀ ਹੌਲੀ ਚਾਲ ਦੇ ਬਾਵਜੂਦ ਲਗਾਤਾਰ ਚੱਲਦੇ ਹੋਏ ਉਸ ਤੋਂ ਅਗੇ ਨਿਕਲ ਜਾਂਦਾ ਹੈ।






ਨਾਨੀ ਨੇ ਕਿਹਾ- ਉਂਞ ਤਾਂ ਇਹ ਕਹਾਣੀ ਬਹੁਤ ਪੁਰਾਣੀ ਹੈ ਮਗਰ ਇਸ ਵਿੱਚ ਤੇਰੇ ਲਈ ਕੁਝ ਸਿਖਿਆ ਵੀ ਹੈ। ਅੱਜ-ਕੱਲ ਸਕੂਲ ਬੰਦ ਹੈ। ਖਰਗੋਸ਼ ਦੀ ਤਰ੍ਹਾਂ ਸਾਰੇ ਬੱਚੇ ਹਰ ਸਮੇਂ ਖੇਡਕੁੱਦ ਵਿੱਚ ਮਸਤ ਰਹਿੰਦੇ ਹਨ। ਤੇਰੇ ਕੋਲ ਸਮਾਂ ਹੈ। ਤੂੰ ਆਪਣੀ ਕਮਜੋਰੀ ਦੂਰ ਕਰ ਸਕਦੀ ਏਂ। ਤੇਰੇ ਸਾਰੇ ਗਰੇਡ ਸੁਧਰ ਜਾਣਗੇ।

ਰਾਧਿਕਾ ਨੂੰ ਨਾਨੀ ਦੀ ਗੱਲ ਕੁਝ-ਕੁਝ ਸਮਝ ਵਿੱਚ ਆਉਣ ਲੱਗੀ ਸੀ। ਅਗਲੀ ਸਵੇਰ ਉਸਨੇ ਬੜੇ ਚਾਅ ਨਾਲ ਕਿਤਾਬਾਂ ਖੋਲ੍ਹੀਆਂ। ਸ਼ੁਰੂ-ਸ਼ੁਰੂ ਵਿੱਚ ਕੁਝ ਦੇਰ ਲਈ ਉਸਦਾ ਸਿਰ ਚਕਰਾਇਆ ਅਤੇ ਬੋਰੀਅਤ ਵੀ ਮਹਿਸੂਸ ਹੋਈ। ਐਨੀ ਬੈਠਣ ਦੀ ਆਦਤ ਜੋ ਨਹੀਂ ਸੀ ਉਸ ਨੂੰ।

ਹੌਲੀ-ਹੌਲੀ ਨਾਨੀ ਮਾਂ ਦੀ ਮਦਦ ਨਾਲ ਉਹਨੂੰ ਪੜਨਾ ਚੰਗਾ ਲੱਗਣ ਲੱਗਾ। ਕੱਛੂਏ ਅਤੇ ਖਰਗੋਸ਼ ਦੀ ਕਹਾਣੀ ਉਹਨੂੰ ਭੁੱਲਦੀ ਨਹੀਂ ਸੀ। ਇਤਿਹਾਸ ਅਤੇ ਵਿਗਿਆਨ ਦੇ ਪਾਠ ਜੋ ਉਹਨੂੰ ਨੀਰਸ ਅਤੇ ਉਕਤਾਊ ਲੱਗਦੇ ਸੀ, ਹੁਣ ਚੰਗੇ ਲੱਗਣ ਲੱਗੇ। ਹੁਣ ਮੰਮੀ ਉਹਨੂੰ ਕਦੇ ਨਹੀਂ ਡਾਂਟਦੀ ਸੀ।

ਮਹੀਨੇ ਬਾਦ ਸਕੂਲ ਖੁੱਲ੍ਹੇ। ਪਰੀਖਿਆ ਹੋਣ ਵਿੱਚ ਇਕ ਮਹੀਨਾ ਬਾਕੀ ਸੀ। ਰਾਧਿਕਾ ਨੇ ਪਹਿਲਾਂ ਤੋਂ ਹੀ ਚੰਗੀ ਤਿਆਰੀ ਕਰ ਰੱਖੀ ਸੀ। ਬੱਚਿਆਂ ਦੇ ਤਾਂ ਮੰਨੋ ਪਸੀਨੇ ਛੁੱਟ ਗਏ। ਐਨਾ ਸਾਰਾ ਕੋਰਸ ਅਤੇ ਹੋਮਵਰਕ। ਸਕੂਲ ਜਦ ਬੰਦ ਸਨ ਤਾਂ ਉਹਨਾਂ ਨੇ ਜੰਮ ਕੇ ਐਸ਼ ਵੀ ਤਾਂ ਕੀਤੀ ਸੀ। ਜਿਸ ਦਿਨ ਰਿਜਲਟ ਆਉਣਾ ਸੀ, ਬੰਟੀ ਬਹੁਤ ਪ੍ਰੇਸ਼ਾਨ ਨਜ਼ਰ ਆ ਰਿਹਾ ਸੀ। ਮੰਮੀ-ਪਾਪਾ ਜਦ ਮਾਰਕ-ਸ਼ੀਟ ਲੈ ਕੇ ਆਏ ਤਾਂ ਉਹਨਾਂ ਨੇ ਸਭ ਤੋਂ ਪਹਿਲਾਂ ਰਾਧਿਕਾ ਨੂੰ ਸ਼ਾਬਾਸ਼ੀ ਦਿੱਤੀ। ਉਹ ਜਮਾਤ ਵਿਚੋਂ ਦੂਸਰੇ ਸਥਾਨ ਤੇ ਆਈ ਸੀ। ਬੰਟੀ ਤਾਂ ਬਹੁਤ ਮੁਸ਼ਕਿਲ ਨਾਲ ਬਸ ਪਾਸ ਹੋ ਸਕਿਆ। ਨਾਨੀ ਬਹੁਤ ਖੁਸ਼ ਸੀ। ਸੱਚ ਵਿੱਚ ਕੱਛੂਆ ਜਿੱਤ ਗਿਆ ਸੀ।



❑ ਕਿਰਨ ਬਾਲਾ

# ਕਮਾਲ ਦੀਆਂ ਤਿਤਲੀਆਂ

ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਜੀਵ ਹੈ ਤਿੱਤਲੀ। ਬੱਚਿਆਂ ਨੂੰ ਤਾਂ ਇਹ ਕਾਫੀ ਲੁਭਾਉਂਦੀ ਹੈ। ਵਿਗਿਆਨਕਾਂ ਦੇ ਅਨੁਸਾਰ ਇਸ ਦੀਆਂ ਹਜ਼ਾਰਾਂ ਪ੍ਰਜਾਤੀਆਂ ਹਨ। ਹਰ ਪ੍ਰਜਾਤੀ ਦੀ ਆਪਣੀ ਇਕ ਵਿਸ਼ੇਸ਼ਤਾ ਹੈ। ਭਾਰਤ ਵਿੱਚ ਹੀ ਇਹਨਾਂ ਦੀਆਂ ਕੋਈ ਡੇਢ ਹਜ਼ਾਰ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ।

ਤਿਤਲੀਆਂ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਮਾਨਤਾਵਾਂ ਵੀ ਹਨ। ਜਾਪਾਨ ਵਿੱਚ ਮਾਨਤਾ ਹੈ ਕਿ ਅਗਰ ਤਿਤਲੀ ਕਿਸੇ ਦੇ ਡਰਾਇੰਗ ਰੂਮ ਵਿੱਚ ਬਾਂਸ ਦੀ ਵਸਤੂ ਤੇ ਆ ਕੇ ਬੈਠ ਜਾਏ ਤਾਂ ਕਿਸੇ ਪਿਆਰੇ ਦਾ ਆਉਣਾ ਹੁੰਦਾ ਹੈ। ਚੀਨੀ ਸਭਿਅਤਾ ਵਿੱਚ ਇਹਨੂੰ ਪ੍ਰੇਮ ਦਾ ਪ੍ਰਤੀਕ ਮੰਨਿਆ ਜਾਂਦਾ ਸੀ। ਪ੍ਰਾਚੀਨ ਯੂਨਾਨੀ ਲੋਕ ਇਹਨੂੰ ਆਤਮਾ ਦਾ ਪ੍ਰਤੀਕ ਮੰਨਦੇ ਸਨ। ਭਾਰਤ ਦੇ ਕੁਝ ਆਦਿਵਾਸੀ ਸਮਾਜਾਂ ਵਿੱਚ ਤਾਂ ਤਿਤਲੀਆਂ ਨੂੰ ਉਹਨਾਂ ਦੇ ਵੱਡ-ਵਡੇਰੇ ਮੰਨਿਆ ਜਾਂਦਾ ਹੈ। ਕਿਤੇ-ਕਿਤੇ ਤਾਂ ਤਿੱਤਲੀਆਂ ਨੂੰ ਪੁਨਰਜਨਮ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ।

ਤਿਤਲੀਆਂ ਸਦੀਆਂ ਤੋਂ ਚਿੱਤਰਕਾਰਾਂ ਅਤੇ ਕਲਾਕਾਰਾਂ ਨੂੰ ਆਕਰਸ਼ਿਤ ਕਰਦੀਆਂ ਰਹੀਆਂ ਹਨ। ਇਹੀ ਕਾਰਣ ਹੈ ਕਿ ਕਪੜੇ, ਗਹਿਣੇ, ਕਲਾਕ੍ਰਿਤੀਆਂ ਆਦਿ ਦੀ ਸੁੰਦਰਤਾ ਵਧਾਉਣ ਲਈ ਇਹਨਾਂ ਨੂੰ ਉਕੇਰਿਆ ਜਾਂਦਾ ਹੈ।

ਆਪ ਨੇ ਹੁਣ ਤਕ ਜਿੰਨੀਆਂ ਵੀ ਤਿਤਲੀਆਂ ਵੇਖੀਆਂ ਹਨ ਉਹ ਸਧਾਰਣ ਤਿਤਲੀਆਂ ਹਨ। ਅਗਰ ਤੁਹਾਡੇ ਸਾਹਮਣੇ ਵਿਸ਼ਵ ਦੀ ਸਭ ਤੋਂ ਵੱਡੀ ਤਿਤਲੀ ਆ ਜਾਏ, ਤਾਂ ਤੁਸੀਂ ਹੈਰਾਨ ਹੋ ਜਾਓਗੇ। ਨਿਊਗਿਨੀ ਦੀ ਕਵੀਨ ਅਲੇਕਜੇਂਡ੍ਰਾ ਬਰਡਵਿੰਗ ਦੇ ਖੰਭਾ ਦਾ ਫੈਲਾਵ 280 ਮਿਲੀਮੀਟਰ ਅਤੇ ਵਜਨ 28 ਗ੍ਰਾਮ ਤਕ ਹੁੰਦਾ ਹੈ।

ਅਫਗਾਨਿਸਤਾਨ ਵਿੱਚ ਮਿਲਣ ਵਾਲੀ ਮਾਈਬ੍ਰੇਸਾਈਕ ਏਟਿਆਨਾ ਤਿਤਲੀ ਦੁਨੀਆ ਦੀ ਸਭ ਤੋਂ





ਛੋਟੀ ਤਿਤਲੀ ਹੈ। ਜਿਸ ਦੇ ਖੰਭਾਂ ਦਾ ਫੈਲਾਵ ਜਿਆਦਾ ਤੋਂ ਜ਼ਿਆਦਾ 7 ਮਿਲੀਮੀਟਰ ਤਕ ਹੋ ਸਕਦਾ ਹੈ।

ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਦੁਨੀਆਂ ਦਾ ਸਭ ਤੋਂ ਵੱਡਾ ਤਿਤਲੀ ਫਾਰਮ ਸਟ੍ਰੈਟਫੋਰਡ-ਅਪਾਨ-ਏਵਨ ਹੈ। ਜਿਸ ਵਿੱਚ 582 ਵਰਗਮੀਟਰ ਦੇ ਉੜਾਨ ਖੇਤਰ ਵਿੱਚ ਦੋ ਹਜ਼ਾਰ ਤੋਂ ਜ਼ਿਆਦਾ ਤਿਤਲੀਆਂ ਰੱਖੀਆਂ ਜਾਂਦੀਆਂ ਹਨ। ਸੰਨ 1985 ਵਿੱਚ ਸਥਾਪਿਤ ਹੋਏ ਇਸ ਫਾਰਮ ਦੀ ਉੜਾਨ ਸ਼ਕਤੀ 807 ਵਰਗਮੀਟਰ ਹੈ।

ਤਿਤਲੀਆਂ ਦੀਆਂ ਸਾਰੀਆਂ ਜਾਤੀਆਂ ਵਿਚੋਂ ਸਭ ਤੋਂ ਦੁਰਲਭ ਅਤੇ ਕੀਮਤੀ ਤਿਤਲੀ ਸੋਲੋਮਨ ਆਈਲੈਂਡ ਦੀ ਪੰਛੀ ਦੇ ਖੰਭਾਂ ਵਰਗੀ ਤਿਤਲੀ ਹੈ। ਸੰਨ 1966 ਵਿੱਚ ਪੇਰਿਸ ਵਿੱਚ ਇਸਦਾ ਨਮੂਨਾ 750 ਪੌਂਡ ਦਾ ਵਿਕਿਆ ਸੀ।

ਤਿਤਲੀਆਂ ਦਾ ਆਪਣਾ ਇਕ ਇਲਾਕਾ ਹੁੰਦਾ ਹੈ। ਅਗਰ ਕੋਈ ਤਿਤਲੀ ਉਹਨਾਂ ਦੇ ਇਲਾਕੇ ਵਿੱਚ ਆ ਜਾਂਦੀ ਹੈ ਤਾਂ ਇਹ ਉਹਨੂੰ ਭਜਾ ਦਿੰਦੀਆਂ ਹਨ।

ਤਿੱਤਲੀਆਂ ਲੰਮੀ ਉੜਾਨ ਵੀ ਭਰਦੀਆਂ ਹਨ। ਸੂਰਜ ਦੇ ਜਰੀਏ ਇਹ ਦਿਸ਼ਾਬੋਧ ਪ੍ਰਾਪਤ ਕਰਦੀਆਂ ਹਨ।

ਤਿਤਲੀਆਂ ਪਰਾਗ ਲਈ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਇਸਦੇ ਲਈ ਕੁਦਰਤ ਨੇ ਉਹਨਾਂ ਨੂੰ ਇੰਟੀਨਾ ਪ੍ਰਦਾਨ ਕੀਤਾ ਹੈ ਜਿਸ ਨਾਲ ਉਹ ਗੰਧ ਦਾ ਪਤਾ ਲਗਾਉਂਦੀਆਂ ਹਨ। ਪੁਸ਼ਪ ਪਰਾਗ ਦੇ ਇਲਾਵਾ ਉਹ ਸੋਡੀਅਮ, ਖਣਿਜ-ਲਵਣ, ਸੜੇ ਹੋਏ ਫਲ, ਚਿੱਕੜ ਆਦਿ ਵੱਲ ਵੀ ਆਕਰਸ਼ਿਤ ਹੁੰਦੀਆਂ ਹਨ।

ਤਿਤਲੀਆਂ ਖੁਦ ਭਲੇ ਹੀ ਰੰਗ-ਬਿਰੰਗੀ ਅਤੇ ਖੂਬਸੂਰਤ ਹੋਣ ਲੇਕਿਨ ਰੰਗ ਪਹਿਚਾਨਣ ਦੀ ਸ਼ਕਤੀ ਕੁਝ ਪ੍ਰਜਾਤੀਆਂ ਵਿੱਚ ਹੀ ਪਾਈ ਜਾਂਦੀ ਹੈ। ਉਂਝ ਉਹਨਾਂ ਦੀ ਦ੍ਰਿਸ਼ਟੀ ਕਾਫੀ ਤੇਜ਼ ਹੁੰਦੀ ਹੈ।



ਬਹੁਤ ਸਾਰੇ ਲੋਕ ਮੰਨਦੇ ਹਨ ਕਿ ਤਿਤਲੀਆਂ ਦੀ ਉਮਰ ਕੇਵਲ ਇਕ ਦਿਨ ਹੀ ਹੁੰਦੀ ਹੈ ਲੇਕਿਨ ਉਹਨਾਂ ਦੀ ਇਹ ਸੋਚ ਸਹੀ ਨਹੀਂ ਹੈ। ਉਹ ਇਕ ਸਾਲ ਤਕ ਵੀ ਜੀਵਿਤ ਰਹਿ ਸਕਦੀਆਂ ਹਨ। ਇਹ ਉਥੋਂ ਦੇ ਰੁੱਖਾਂ ਅਤੇ ਪੌਦਿਆਂ ਤੇ ਨਿਰਭਰ ਕਰਦਾ ਹੈ।

# ਹਾਸਾ ਖੇਡਾ

ਕਿਰਾਏਦਾਰ ਮਕਾਨ ਮਾਲਿਕ ਨੂੰ ਬੋਲਿਆ –

– ਕੀ ਕੀਤਾ ਜਾਵੇ? ਹਵਾ ਚੱਲਣ ਨਾਲ ਖਿੜਕੀ ਦਰਵਾਜੇ ਹਿੱਲਣ ਲੱਗਦੇ ਹਨ ਅਤੇ ਵਰਖਾ ਹੋਣ ਤੇ ਛੱਤ ਤੋਂ ਪਾਣੀ ਟਪਕਣ ਲੱਗਦਾ ਹੈ?

– ਖਿੜਕੀ ਦਰਵਾਜ਼ਾ ਪੂਰਾ ਖੋਲ੍ਹ ਕੇ ਸ਼ੁਧ ਹਵਾ ਦਾ ਆਨੰਦ ਲਉ ਅਤੇ ਟਪਕਦੇ ਪਾਣੀ ਨੂੰ ਬਾਲਟੀ ਵਿੱਚ ਜਮਾ ਕਰਕੇ ਬਰਤਨ ਧੋਣ ਦਾ ਕੰਮ ਲਉ।

– ਮਕਾਨ ਮਾਲਿਕ ਨੇ ਜਵਾਬ ਦਿੱਤਾ।

ਗਾਹਕ : ਹੋਟਲ ਦੇ ਵੇਟਰ ਨੂੰ ਗੁੱਸੇ ਨਾਲ ਬੋਲਿਆ –

ਮੈਂ ਤੈਨੂੰ ਕਿਹਾ ਸੀ ਕਿ ਗਰਮ ਅਤੇ ਕਰਾਰੀ ਰੋਟੀ ਲੈ ਕੇ ਆਉ।

ਵੇਟਰ ਪਲੇਟ ਵਿੱਚ ਬਹੁਤ ਸਾਰੀਆਂ ਰੋਟੀਆਂ ਰੱਖ ਕੇ ਲੈ ਆਇਆ ਅਤੇ ਕਹਿਣ ਲੱਗਾ – ਖੁਦ ਹੀ ਛਾਂਟ ਕੇ ਲੈ ਲਉ।



ਗਾਹਕ ਨੇ ਇਕ-ਇਕ ਕਰਕੇ ਸਾਰੀਆਂ ਰੋਟੀਆਂ ਵੇਖੀਆਂ, ਅੰਤ ਵਿੱਚ ਇਕ ਰੋਟੀ ਨੂੰ ਹੱਥ ਲਗਾ ਕੇ ਉਸ ਨੇ ਕਿਹਾ – ਇਹ ਦੇ ਦਿਉ।

ਵੇਟਰ : ਇਹ ਤਾਂ ਪਲੇਟ ਹੈ।

– ਬਬਲੂ ਕੁਮਾਰ

ਪਿਤਾ ਜੀ :(ਅਰਪਿਤਾ ਨੂੰ) ਤੈਨੂੰ ਕਿੰਨੀ ਵਾਰ ਕਿਹਾ ਹੈ ਕਿ ਲੜਾਈ-ਝਗੜਾ ਨਾ ਕਰਿਆ ਕਰ। ਵੇਖਿਆ ਨਾ ਆਪਣਾ ਦੂਸਰਾ ਦੰਦ ਵੀ ਗਵਾ ਦਿੱਤਾ।



ਅਰਪਿਤਾ : ਪਾਪਾ ਗਵਾਇਆ ਕਿਥੇ ਹੈ ਉਹ ਤਾਂ ਮੇਰੀ ਮੁੱਠੀ ਵਿੱਚ ਹੈ।

ਬੇਟਾ : ਪਾਪਾ, ਕੱਲ ਰਾਤ ਨੂੰ ਮੈਂ ਡੇਢ ਵਜੇ ਤਕ ਪੜ੍ਹਦਾ ਰਿਹਾ।

ਪਾਪਾ : ਝੂਠ ਬੋਲਦੇ ਹੋ। ਰਾਤ ਨੂੰ ਗਿਆਰਾਂ ਵਜੇ ਦੇ ਬਾਦ ਤਾਂ ਸਾਡੇ ਮੁਹੱਲੇ ਦੀ ਬਿਜਲੀ ਚਲੀ ਗਈ ਸੀ।

ਬੇਟਾ : ਚਲੀ ਗਈ ਹੋਵੇਗੀ। ਮੈਂ ਤਾਂ ਪੜ੍ਹਾਈ ਵਿੱਚ ਐਨਾ ਮਗਨ ਸੀ ਕਿ ਮੈਨੂੰ ਪਤਾ ਹੀ ਨਹੀਂ ਚਲਿਆ ਕਿ ਬਿਜਲੀ ਚਲੀ ਗਈ ਹੈ।

ਜਾਂਚ ਕਰਨ ਦੇ ਬਾਦ ਡਾਕਟਰ ਨੇ ਮਰੀਜ਼ ਨੂੰ ਪੁੱਛਿਆ – ਆਪ ਸਵੇਰੇ ਕੀ ਪੀਂਦੇ ਹੋ, ਚਾਹ, ਕਾਫੀ ਜਾਂ ਦੁੱਧ?

– ਰਹਿਣ ਵੀ ਦਿਉ, ਡਾਕਟਰ ਸਾਹਿਬ, ਬੇਕਾਰ ਤਕਲੀਫ ਕਿਉਂ ਕਰਦੇ ਹੋ, ਮੈਂ ਘਰ ਤੋਂ ਖਾ-ਪੀ ਕੇ ਆ ਰਿਹਾ ਹਾਂ। – ਮਰੀਜ ਨੇ ਟੋਕਦੇ ਹੋਏ ਕਿਹਾ।

– ਗੁਰਚਰਨ ਆਨੰਦ

ਬਾਕਸਿੰਗ ਪ੍ਰਤੀਯੋਗਤਾ ਹੋ ਰਹੀ ਸੀ। ਮਨੋਹਰ ਲਾਲ ਰਿੰਗ ਵਿੱਚ ਉਤਰੇ ਹੋਏ ਬਾਕਸਰ ਦਾ ਮਨੋਬਲ ਵਧਾ ਰਹੇ ਸਨ।



- ਸ਼ਾਬਾਸ਼! ਤੋੜ ਦੇ ਦੰਦ, ਲਗਾਉ ਮੁੱਕਾ।

ਨਾਲ ਬੈਠੇ ਵਿਅਕਤੀ ਨੇ ਪੁੱਛਿਆ - ਕੀ ਆਪ ਵੀ ਬਾਕਸਰ ਹੋ?

- ਜੀ ਨਹੀਂ, ਮੈਂ ਤਾਂ ਦੰਦਾਂ ਦਾ ਡਾਕਟਰ ਹਾਂ।

- ਮਨੋਹਰ ਲਾਲ ਬੋਲੇ।

ਬਸ ਵਿੱਚ ਭੀੜ ਜ਼ਿਆਦਾ ਹੋਣ ਦੇ ਕਾਰਣ ਇਕ ਯਾਤਰੀ ਨੂੰ ਬਸ ਦੇ ਅੰਦਰ ਧੱਕੇ ਲੱਗ ਰਹੇ ਸਨ। ਕਦੇ ਉਹ ਧੱਕੇ ਨਾਲ ਅਗੇ ਹੋ ਜਾਂਦਾ, ਤਾਂ ਕਦੇ ਪਿਛੇ ਹੋ ਜਾਂਦਾ। ਜਦ ਉਹ ਉਤਰਣ ਲੱਗਾ ਤਾਂ ਕੰਡੈਕਟਰ ਨੇ ਕਿਹਾ - ''ਭਾਈ ਸਾਹਿਬ ਟਿਕਟ ਤਾਂ ਲੈ ਲਉ।

ਯਾਤਰੀ ਬੋਲਿਆ- ਭਾਈ ਸਾਹਿਬ ਕਿਸ ਗੱਲ ਦੀ ਟਿਕਟ? ਮੈਂ ਤਾਂ ਸਾਰੇ ਰਾਹ ਪੈਦਲ ਹੀ ਚਲਦਾ ਆ ਰਿਹਾ ਹਾਂ।

ਇਕ ਦੇਸ਼ ਦੀ ਕ੍ਰਿਕਟ ਟੀਮ ਦੇ ਕਪਤਾਨ ਨੇ ਆਪਣਾ ਸਪੱਸ਼ਟੀਕਰਣ ਕੁਝ ਇਸ ਤਰ੍ਹਾਂ ਦਿੱਤਾ -

ਮੈਚ ਹਾਰ ਗਏ ਤਾਂ ਕੀ ਹੋਇਆ,
ਟਾਸ ਤਾਂ ਅਸੀ ਹੀ ਜਿੱਤੇ ਸੀ ਨਾ।

ਦੋ ਵਿਅਕਤੀ ਆਹਮਣੇ-ਸਾਹਮਣੇ ਖੜੇ ਹੋ ਕੇ ਗੱਲਾਂ ਕਰ ਰਹੇ ਸਨ।

ਪਹਿਲਾ : ਮੂਰਖ ਅਤੇ ਸਮਝਦਾਰ ਵਿੱਚ ਕੀ ਫਰਕ ਹੈ?

ਦੂਸਰਾ : ਇਹੀ ਕਿ ਮੂਰਖ ਮੇਰੇ ਸਾਹਮਣੇ ਖੜਾ ਹੈ ਅਤੇ ਸਮਝਦਾਰ ਤੇਰੇ ਸਾਹਮਣੇ।

- ਮਨੋਹਰ ਲਾਲ

ਇਕ ਮਕਾਨ ਮਾਲਿਕ ਆਪਣੇ ਕਿਰਾਏਦਾਰ ਨਾਲ ਹਮੇਸ਼ਾਂ ਲੜਦਾ ਰਹਿੰਦਾ ਸੀ। ਇਕ ਸਵੇਰੇ-ਸਵੇਰ ਕਿਰਾਏਦਾਰ ਨਹਾ ਧੋ ਕੇ ਮਕਾਨ ਮਾਲਿਕ ਨੂੰ ਇਕ ਕਟੋਰਾ ਦੁੱਧ ਦਿੰਦੇ ਹੋਏ ਬੋਲਿਆ - ਪੀਉ...

ਮਕਾਨ ਮਾਲਿਕ : (ਹੈਰਾਨੀ ਨਾਲ) ਭਾਈ ਮੈਂ ਤਾਂ ਰੋਜ਼ ਤੈਨੂੰ ਬੁਰਾ ਭਲਾ ਕਹਿੰਦਾ ਹਾਂ। ਫਿਰ ਵੀ ਤੂੰ ਮੈਨੂੰ ਦੁੱਧ ਪਿਲਾ ਰਿਹਾ ਹੈ?

ਕਿਰਾਏਦਾਰ : ਜੀ, ਅੱਜ ਨਾਗਪੰਚਮੀ ਹੈ ਨਾ।

ਪੁਲਿਸ : ਮੈਂ ਜਨਤਾ ਦਾ ਹਮਦਰਦ ਹਾਂ। ਤੂੰ ਕੌਣ ਹੈ?

ਚੋਰ : ਮੈਂ ਜਨਤਾ ਦਾ ਸਰਦਰਦ ਹਾਂ।

ਸੋਨੀਆ (ਆਪਣੇ ਪਤੀ ਨੂੰ), ਅੱਜ ਮੇਰਾ 'ਬਰਥ-ਡੇ' ਹੈ। ਆਪ ਮੈਨੂੰ ਗਿਫਟ ਵਿੱਚ ਕੀ ਦਿਉਗੇ?



ਪਤੀ : ਉਹ ਜੋ ਬਾਹਰ ਨੀਲੇ ਰੰਗ ਦੀ ਹੋਂਡਾ ਸਿਟੀ ਕਾਰ ਖੜੀ ਹੈ ਨ.........

ਸੋਨੀਆਂ : ਹਾਂ ਹਾਂ ਹਾਂ ।


ਪਤੀ : ਉਸ ਰੰਗ ਦਾ 'ਹੇਅਰ ਪਿਨ'।

ਪਿਤਾ : ਬੇਟਾ, ਤੇਰੇ ਪੇਪਰ ਕਿਹੋ ਜਿਹੇ ਹੋਏ ਹਨ?

ਬੇਟਾ : ਮਿਹਨਤ ਤਾਂ ਮੈਂ ਫਸਟ ਕਲਾਸ ਦੀ ਕੀਤੀ ਸੀ, ਪੇਪਰ ਸੈਕਿੰਡ ਕਲਾਸ ਵਿੱਚ ਹੋਏ ਸਨ ਅਤੇ ਰਿਜਲਟ ਥਰਡ ਕਲਾਸ ਰਿਹਾ।

- ਦਿਨੇਸ਼ ਰਾਇ

ਬਾਲ ਕਵਿਤਾ - ਹਰਿੰਦਰ



# ਪਿਆਰੀ ਮਾਂ

ਮੈਨੂੰ ਲਗਦੀ ਪਿਆਰੀ ਮਾਂ,
ਮਾਂ ਤਾਂ ਹੈ ਇਕ ਠੰਡੀ ਛਾਂ।

ਛੱਡਣ ਜਾਂਦੀ ਰੋਜ਼ ਸਕੂਲੇ,
ਟਿਫਨ ਮੇਰਾ ਕਦੇ ਨਾ ਭੁੱਲੇ।

ਚੂਰੀ ਵੀ ਪਾ ਦਿੰਦੀ ਨਾਲ,
ਮੇਰਾ ਪੂਰਾ ਰੱਖਦੀ ਖਿਆਲ।

ਪਾਪਾ ਜੇਕਰ ਮੈਨੂੰ ਝਿੜਕਣ,
ਮਾਂ ਮੂਹਰੇ ਜਾਂਦੀ ਹੈ ਤਣ।

ਮੈਨੂੰ ਡਾਂਟ ਤੋਂ ਮਾਂ ਬਚਾਉਂਦੀ,
ਘੁੱਟ ਕੇ ਆਪਣੇ ਸੀਨੇ ਲਾਉਂਦੀ।

ਪਿਆਰ ਨਾਲ ਪੜਾਵੇ ਮਾਂ,
ਲੋਰੀ ਵੀ ਸੁਣਾਵੇ ਮਾਂ।

ਇਸ ਜਿਹਾ ਹੋਰ ਕੋਈ ਨਾ,
ਮੈਨੂੰ ਲਗਦੀ ਪਿਆਰੀ ਮਾਂ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਸਵਾਲਾਂ ਦੇ ਜੁਆਬ 'ਡ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ 1) ਦੇਹਰਾਦੂਨ ਕਿਸ ਭਾਰਤੀ ਰਾਜ ਦੀ ਰਾਜਧਾਨੀ ਹੈ?

ਪ੍ਰਸ਼ਨ 2) ਕਿਸ ਦੇਸ਼ ਦੀ ਕਰੰਸੀ ਨਿਊਜ਼ੀਲੈਂਡ ਡਾਲਰ ਹੈ?

ਪ੍ਰਸ਼ਨ 3) ਸਾਧਾਰਣ ਨਮਕ ਦਾ ਰਸਾਇਣਿਕ ਨਾਂ ਕੀ ਹੈ?

ਪਸ਼ਨ 4) ਮਹਾਤਮਾ ਗਾਂਧੀ ਨੇ ਵਕਾਲਤ ਦੀ ਪੜਾਈ ਕਿਸ ਦੇਸ਼ ਵਿਚ ਕੀਤੀ ਸੀ?

ਪ੍ਰਸ਼ਨ 5) ਸੀਮਿੰਟ ਉਦਯੋਗ ਲਈ ਪ੍ਰਸਿੱਧ ਸ਼ਹਿਰ ਸਿੰਦਰੀ ਕਿਸ ਭਾਰਤੀ ਰਾਜ ਵਿਚ ਹੈ?

ਪ੍ਰਸ਼ਨ 6) ਸਪੇਨ ਦੇਸ਼ ਦੀ ਰਾਜਧਾਨੀ ਦਾ ਕੀ ਨਾਂ ਹੈ?

ਪ੍ਰਸ਼ਨ 7) ਰਾਮਾਇਣ ਦੇ ਕਿਸ ਕਾਂਡ ਵਿਚ ਭਗਵਾਨ ਸ੍ਰੀਰਾਮ ਦੇ ਜਨਮ ਅਤੇ ਬਾਲ ਲੀਲਾ ਦਾ ਵਰਣਨ ਕੀਤਾ ਗਿਆ ਹੈ?

ਪ੍ਰਸ਼ਨ 8) ਕਿਸ ਦੇਸ਼ ਦੇ ਨਿਵਾਸੀਆਂ ਨੂੰ 'ਕਿਵੀ' ਕਿਹਾ ਜਾਂਦਾ ਹੈ?

ਪ੍ਰਸ਼ਨ 9) ਭਾਰਤ ਦਾ ਸਭ ਤੋਂ ਲੰਬਾ ਬੰਨ ਕਿਹੜਾ ਹੈ?

ਪ੍ਰਸ਼ਨ 10) ਕਿਸ ਦੇਸ਼ ਨੂੰ ਸਫੇਦ ਹਾਥੀਆਂ ਦੀ ਭੂਮੀ ਕਿਹਾ ਜਾਂਦਾ ਹੈ?

ਪ੍ਰਸ਼ਨ 11) ਛੱਤਰਪਤੀ ਸ਼ਿਵਾ ਜੀ ਦੀ ਪਹਿਲੀ ਰਾਜਧਾਨੀ ਕਿਹੜੀ ਸੀ?

ਪ੍ਰਸ਼ਨ 12) ਸੁੰਤਤਰਤਾ ਸੈਨਾਨੀ ਚੰਦਰਸ਼ੇਖਰ ਆਜ਼ਾਦ ਦੀ ਮੌਤ ਇਲਾਹਾਬਾਦ ਦੇ ਕਿਸ ਪਾਰਕ ਵਿਚ ਹੋਈ ਸੀ?

ਪ੍ਰਸ਼ਨ 13) ਯੂਰਪ ਦੇ ਕਿਸ ਦੇਸ਼ ਨੂੰ 'ਹਜ਼ਾਰ ਝੀਲਾਂ ਦੀ ਭੂਮੀ' ਕਿਹਾ ਜਾਂਦਾ ਹੈ?

ਪ੍ਰਸ਼ਨ 14) ਝੂਮਰੀਤਲਈਆ ਸ਼ਹਿਰ ਕਿਸ ਭਾਰਤੀ ਰਾਜ ਵਿਚ ਸਥਿਤ ਹੈ?

ਪ੍ਰਸ਼ਨ 15) ਪੇੜ-ਪੌਦੇ ਕਿਸ ਗੈਸ ਨੂੰ ਆਕਸੀਜਨ ਵਿਚ ਬਦਲਦੇ ਹਨ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)




# ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ




ਕਿੱਟੀ ਕੀ ਕਰ ਰਹੀ ਹੈ? ਛੇਤੀ ਦੇ ਚੱਕਰ ਵਿੱਚ ਤੂੰ ਚਿੱਕੜ ਵਿੱਚ ਵੀ ਪੈਰ ਰੱਖੀ ਜਾ ਰਹੀ ਹੈ। ਤੇਰੇ ਪੈਰ ਵੀ ਗੰਦੇ ਹੋ ਰਹੇ ਹਨ। ਕਿੱਟੀ ਛੇਤੀ ਕਰਨ ਨਾਲ ਤੂੰ ਪਹਿਲਾਂ ਤਾਂ ਕਰ ਲਏਂਗੀ ਪ੍ਰੰਤੂ ਚੰਗਾ ਕਦੇ ਨਹੀਂ।
ਬਿੱਟੂ ਤੂੰ ਚੁੱਪ ਕਰ ਅਤੇ ਬਸ ਛੇਤੀ ਚਲ, ਮੈਨੂੰ ਹਮੇਸ਼ਾਂ ਕੋਈ ਵੀ ਕੰਮ ਸਭ ਤੋਂ ਪਹਿਲਾਂ ਕਰਨਾ ਪਸੰਦ ਹੈ। ਮੈਂ ਹਮੇਸ਼ਾਂ ਪਹਿਲੇ ਨੰਬਰ ਤੇ ਆਉਣਾ ਚਾਹੁੰਦੀ ਹਾਂ।
ਕਪਤਾਨ (ਖਰਗੋਸ਼) : ਕਿੱਟੀ, ਬਿੱਟੂ ਅੱਜ ਸਾਡਾ ਕ੍ਰਿਕਟ ਮੈਚ ਦੂਸਰੀ ਟੀਮ ਨਾਲ ਚਲ ਰਿਹਾ ਹੈ। ਤੁਸੀਂ ਦੋਵੇਂ ਆਰਾਮ ਨਾਲ ਅਤੇ ਚੰਗਾ ਖੇਡਣਾ।
ਕਿਉਂ ਨਾ ਮੈਂ ਸਭ ਤੋਂ ਪਹਿਲਾਂ ਬਹੁਤ ਸਾਰੇ ਰਨ ਬਣਾ ਦੇਵਾਂ। ਟੀਮ ਵਿੱਚ ਮੇਰੀ ਜੈ-ਜੈਕਾਰ ਹੋ ਜਾਏਗੀ।
ਅਰੇ ਇਹ ਕੀ! ਕਿੱਟੀ ਪਹਿਲੀ ਬਾਲ ਤੇ ਹੀ ਆਉਟ ਹੋ ਗਈ।
ਕਿੱਟੀ ਤੂੰ ਅਗੇ ਵਧ ਕੇ ਕਿਉਂ ਖੇਡੀ? ਤੈਨੂੰ ਬੋਲਿਆ ਗਿਆ ਸੀ ਨਾ ਕਿ ਆਰਾਮ ਨਾਲ ਖੇਡਣਾ। ਤੂੰ ਕਰ ਦਿਤਾ ਨਾ ਸੱਤਿਆਨਾਸ਼।


ਅਰੇ ਵਾਹ! ਬਿੱਟੂ 6 ਰਨ। ਆਪਣੇ 50 ਰਨ ਵੀ ਪੂਰੇ ਕਰ ਲਏ ਤੂੰ ਸ਼ਾਬਾਸ਼! ਵਾਹ! ਬਿੱਟੂ ਤੂੰ ਅੱਜ ਨਾ ਕੇਵਲ ਸਾਡੀ ਟੀਮ ਨੂੰ ਜਿਤਾਇਆ ਹੈ ਬਲਕਿ ਅੱਜ ਤੂੰ 'ਮੈਨ ਆਫ ਦਾ ਮੈਚ' ਵੀ ਜਿੱਤਿਆ ਹੈ।
ਇਹ ਲਓ ਜਿੱਤ ਦੀ ਟ੍ਰਾਫੀ।
ਬਿੱਟੂ ਚਲੋ, ਛੇਤੀ ਚਲੋ।
ਕਿੱਟੀ ਤੂੰ ਕਦੇ ਨਹੀਂ ਸੁਧਰੇਗੀ। ਅਤੇ ਕੱਲ ਗਣਿਤ ਦਾ ਇਮਤਿਹਾਨ ਹੈ। ਯਾਦ ਹੈ ਨਾ।
ਅਰੇ ਮੈਂ ਤਾਂ ਭੁੱਲ ਹੀ ਗਈ ਸੀ। ਘਰ ਜਾਂਦੇ ਹੀ ਪੜਾਈ ਸ਼ੁਰੂ ਕਰਨੀ ਹੈ।
ਅਗਲੇ ਦਿਨ ਸਵੇਰੇ।
ਕਿੱਟੀ ਕੀ ਹੋਇਆ, ਰੋ ਕਿਉਂ ਰਹੀ ਹੋ?
ਬਿੱਟੂ ਮੈਂ ਛੇਤੀ ਵਿੱਚ ਆਪਣਾ ਪੈਨ ਭੁੱਲ ਗਈ।
ਮੇਰੇ ਕੋਲ ਦੋ ਪੈਨ ਹਨ, ਇਕ ਤੂੰ ਲੈ ਲੈ।


ਵਾਹ! ਮੈਂ ਸਭ ਤੋਂ ਪਹਿਲਾਂ ਪੇਪਰ ਕਰਾਂਗੀ। ਮੈਨੂੰ ਸਭ ਆਉਂਦਾ ਹੈ।
ਇਹ ਲਓ ਸਰ।
ਕਿੱਟੀ ਬੇਟੇ ਹਾਲਾ ਤਾਂ ਬਹੁਤ ਸਮਾਂ ਬਚਿਆ ਹੈ ਤੂੰ ਵੇਖ ਲੈ ਕੁਝ ਰਹਿ ਤਾਂ ਨਹੀਂ ਗਿਆ।
ਨਹੀਂ ਸਰ। ਮੈਨੂੰ ਸਭ ਆਉਂਦਾ ਹੈ। ਮੈਂ ਸਭ ਕਰ ਦਿਤਾ।
ਕਿੱਟੀ, ਤੂੰ ਰੋ ਕਿਉਂ ਰਹੀ ਹੋ?
ਬਿੱਟੂ ਮੇਰੇ ਤੋਂ ਬਹੁਤ ਵੱਡੀ ਗਲਤੀ ਹੋ ਗਈ। ਮੈਂ ਜਲਦਬਾਜੀ ਵਿੱਚ ਅੱਧਾ ਪੇਪਰ ਛੱਡ ਆਈ। ਮੈਨੂੰ ਪਤਾ ਹੀ ਨਹੀਂ ਲੱਗਾ।
ਮੈਂ ਕਿਹਾ ਸੀ ਨਾ ਕਿੱਟੀ। ਜਲਦਬਾਜੀ ਕਰਕੇ ਸਿਰਫ ਪਹਿਲਾਂ ਕੀਤਾ ਜਾ ਸਕਦਾ ਹੈ ਪ੍ਰੰਤੂ ਚੰਗਾ ਨਹੀਂ। ਇਹ ਗੱਲ ਅਗੇ ਤੋਂ ਹਮੇਸ਼ਾਂ ਧਿਆਨ ਰੱਖਣਾ।

❐ ਕੈਲਾਸ਼ ਜੈਨ

# ਸਫਰਨਾਮਾ, ਰਾਸ਼ਟਰੀ ਝੰਡੇ ਦਾ

ਕਿਸੇ ਵੀ ਦੇਸ਼ ਦਾ ਰਾਸ਼ਟਰੀ ਝੰਡਾ ਮਹਿਜ ਇਕ ਕਪੜੇ ਦਾ ਟੁੱਕੜਾ ਨਹੀਂ ਹੁੰਦਾ, ਬਲਕਿ ਉਹ ਉਸ ਮੁਲਕ ਦੇ ਨਾਗਰਿਕਾਂ, ਦੇਸ਼ ਦੀ ਸੰਸਕ੍ਰਿਤੀ ਅਤੇ ਸੰਸਕ੍ਰਿਤਕ ਪਰੰਪਰਾਵਾਂ, ਸਮੁੱਚੀ ਵਤਨਪ੍ਰਸਤੀ ਅਤੇ ਇੱਜ਼ਤ ਦਾ ਕੇਂਦਰ ਹੁੰਦਾ ਹੈ। ਦੁਨੀਆਂ ਦਾ ਇਤਿਹਾਸ ਗਵਾਹ ਹੈ ਕਿ ਰਾਸ਼ਟਰੀ ਝੰਡੇ ਦੇ ਸਨਮਾਨ ਦੀ ਰੱਖਿਆ ਲਈ ਦੇਸ਼ਭਗਤਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਹੱਸਦੇ-ਹੱਸਦੇ ਦਿੱਤੀ ਹੈ। ਅੱਜ ਵੀ ਕੋਈ ਵਤਨਪ੍ਰਸਤ ਆਦਮੀ ਆਪਣੇ ਦੇਸ਼ ਦੇ ਝੰਡੇ ਦਾ ਅਪਮਾਨ ਬਰਦਾਸ਼ਤ ਨਹੀਂ ਕਰ ਸਕਦਾ।

ਰਾਸ਼ਟਰੀ ਝੰਡਾ ਰਾਸ਼ਟਰ ਦੀ ਆਜ਼ਾਦੀ ਅਤੇ ਸਵੈ-ਮਾਣ ਦਾ ਜੀਵੰਤ ਪ੍ਰਤੀਕ ਮੰਨਿਆ ਜਾਂਦਾ ਹੈ। ਹਰ ਝੰਡੇ ਦੇ ਪ੍ਰਤੀਕਾਤਮਕ ਅਰਥਾਂ ਦੀ ਪਿਛੋਕੜ ਭੂਮੀ ਵਿੱਚ ਪਰੰਪਰਾਵਾਂ ਦਾ ਇਕ ਲੰਮਾ ਇਤਿਹਾਸ ਲੁਕਿਆ ਹੁੰਦਾ ਹੈ। ਸਾਡਾ ਵਰਤਮਾਨ ਤਿਰੰਗਾ ਰਾਸ਼ਟਰੀ ਪ੍ਰਗਟਾਵਾ ਹੈ। ਇਹ ਝੰਡਾ ਆਜ਼ਾਦੀ ਸੰਗਰਾਮ ਦੇ ਉਹਨਾਂ ਸ਼ਹੀਦਾਂ ਦੀ ਅਨਮੋਲ ਯਾਦਗਾਰ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਲੜਾਈ ਕਰਦੇ ਹੋਏ ਆਪਣਾ ਸੰਪੂਰਨ ਜੀਵਨ ਲਗਾ ਦਿੱਤਾ।

ਸਾਡੇ ਰਾਸ਼ਟਰੀ ਝੰਡੇ ਦੇ ਵਿਕਾਸ ਦਾ ਇਤਿਹਾਸ ਆਜ਼ਾਦੀ-ਸੰਗਰਾਮ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ। ਇਤਿਹਾਸ ਦੇ ਅਨੁਸਾਰ, ਪਹਿਲਾ ਰਾਸ਼ਟਰੀ ਝੰਡਾ ਪਾਰਸੀ ਬਾਗਾਨ ਸਕਵੇਯਰ (ਗ੍ਰੀਨ ਪਾਰਕ) ਕਲਕੱਤਾ ਵਿੱਚ ਫਹਿਰਾਇਆ ਗਿਆ। ਇਸ ਰਾਸ਼ਟਰੀ ਝੰਡੇ ਵਿੱਚ ਲੜੀਵਾਰ : ਕੇਸਰੀ, ਪੀਲੇ ਅਤੇ ਹਰੇ ਰੰਗ ਦੀਆਂ ਤਿੰਨ ਪੱਟੀਆਂ ਸਨ। ਕੇਸਰੀ ਪੱਟੀ ਵਿੱਚ ਭਾਰਤ ਦੇ ਅੱਠ ਰਾਜਾਂ ਦੇ ਪ੍ਰਤੀਕ ਦੇ ਰੂਪ ਵਿੱਚ ਅੱਠ ਕਮਲ ਬਣੇ ਹੋਏ ਸਨ। ਵਿਚਕਾਰ ਦੀ ਪੀਲੀ ਪੱਟੀ ਵਿੱਚ ਦੇਵਨਾਗਰੀ ਲਿੱਪੀ ਵਿੱਚ ਇਕ ਪਾਸੇ 'ਵੰਦੇਮਾਤਰਮ' ਲਿਖਿਆ ਹੋਇਆ ਸੀ ਅਤੇ ਹੇਠਾਂ ਵਾਲੀ ਹਰੀ ਪੱਟੀ ਵਿੱਚ ਇਕ ਪਾਸੇ ਸੂਰਜ ਅਤੇ ਦੂਸਰੇ ਪਾਸੇ ਚੰਦਰਮਾ ਨੂੰ ਚਿਤ੍ਰਿਤ ਕੀਤਾ ਗਿਆ ਸੀ। ਇਸਦੇ ਬਾਦ ਸੰਨ 1907 ਵਿੱਚ ਸ਼੍ਰੀਮਤੀ ਕਾਮਾ ਅਤੇ ਉਹਨਾਂ ਦੇ ਪ੍ਰਵਾਸੀ ਕ੍ਰਾਂਤੀਕਾਰੀਆਂ ਦੇ ਸਹਿਯੋਗ ਨਾਲ ਜਰਮਨੀ ਦੀ ਰਾਜਧਾਨੀ ਬਰਲਿਨ ਵਿੱਚ ਰਾਸ਼ਟਰੀ ਝੰਡਾ ਫਹਿਰਾਇਆ ਗਿਆ। 18 ਅਗਸਤ, 1907 ਵਿੱਚ ਹੋਈ ਇਸ ਝੰਡਾ ਫਹਿਰਾਉਣ ਸਭਾ ਵਿੱਚ ਸ਼੍ਰੀਮਤੀ ਕਾਮਾ ਨੇ ਆਜ਼ਾਦੀ ਦੇ ਸੰਗਰਾਮ ਦਾ ਪਹਿਲਾ ਝੰਡਾ ਘੋਸ਼ਿਤ ਕਰਦੇ ਹੋਏ ਲੋਕਾਂ ਨੂੰ ਇਸਦੇ ਸੁਆਗਤ ਦੀ ਅਪੀਲ ਕੀਤੀ।

ਇਸਦੇ ਬਾਦ ਸੰਨ 1917 ਵਿੱਚ ਸੰਨ ਲੋਕਮਾਨਯ ਤਿਲਕ ਅਤੇ ਐਨੀ ਬੇਸੈਂਟ ਨੇ ਹੋਮ-ਰੂਲ ਦੇ ਤਹਿਤ ਇਕ ਹੋਰ ਝੰਡਾ ਬਣਾਇਆ, ਇਸ ਵਿੱਚ ਪੰਜ ਲਾਲ ਅਤੇ ਚਾਰ ਹਰੇ ਰੰਗ ਦੀਆਂ ਪੱਟੀਆਂ ਸਨ। ਇਸ ਦੇ ਵਿਚਕਾਰ ਸੱਤ ਸਿਤਾਰੇ ਬਣੇ ਹੋਏ ਸਨ। ਸੱਜੇ ਪਾਸੇ ਅਰਧਚੰਦਰ ਦੇ ਨਾਲ ਇਕ ਸਿਤਾਰਾ ਸੀ ਅਤੇ ਖੱਬੇ ਕੋਨੇ ਵਿੱਚ ਇੰਗਲੈਂਡ ਦਾ ਰਾਸ਼ਟਰੀ ਝੰਡਾ 'ਯੂਨੀਅਨ ਜੈਕ' ਬਣਿਆ ਹੋਇਆ ਸੀ। ਰਾਸ਼ਟਰੀ ਆਜ਼ਾਦੀ ਸੰਗਰਾਮ ਦੇ ਨੇਤਾਵਾਂ ਨੇ 'ਯੂਨੀਅਨ ਜੈਕ' ਬਣੇ ਹੋਣ ਕਾਰਣ ਇਸ ਝੰਡੇ ਨੂੰ ਮਾਨਤਾ ਨਹੀਂ ਦਿੱਤੀ ਅਤੇ ਕਾਂਗਰਸ ਦੇ ਵਿਜਯਵਾੜਾ ਸੰਮੇਲਨ ਵਿੱਚ ਇਸ ਨੂੰ ਪੂਰਣ ਰੂਪ ਨਾਲ ਅਸਵੀਕਾਰ ਕਰ ਦਿੱਤਾ ਗਿਆ। ਸੰਨ 1921 ਵਿੱਚ ਲਾਲਾ ਹੰਸਰਾਜ ਨੇ ਲਾਲ ਅਤੇ ਹਰੇ ਰੰਗ ਦੀਆਂ ਪੱਟੀਆਂ ਵਾਲਾ ਝੰਡਾ ਬਣਾਇਆ। ਇਸ ਵਿੱਚ ਲਾਲ ਰੰਗ ਦੀਆਂ ਪੱਟੀਆਂ ਹਿੰਦੂਆਂ ਅਤੇ ਹਰੀ ਪੱਟੀ ਮੁਸਮਾਨਾਂ ਦਾ ਪ੍ਰਤੀਕ ਸੀ। ਬਾਦ ਵਿੱਚ ਮਹਾਤਮਾ ਗਾਂਧੀ ਨੇ ਸੁਝਾਵ ਦਿੱਤਾ ਕਿ ਦੇਸ਼ ਵਿੱਚ ਬਾਕੀ ਜਾਤੀਆਂ ਦੇ ਲੋਕ ਵੀ ਰਹਿੰਦੇ ਹਨ। ਇਸ ਲਈ ਬਾਕੀ ਜਾਤੀਆਂ ਦੇ ਪ੍ਰਤੀਨਿਧਤਾ ਦੇ ਰੂਪ ਵਿੱਚ ਝੰਡੇ ਵਿੱਚ ਸਭ ਤੋਂ ਉਪਰ ਸਫੈਦ ਰੰਗ ਦੀ ਪੱਟੀ ਹੋਰ ਜੋੜੀ ਗਈ। ਇਸਦੇ ਵਿੱਚ ਸਾਦਗੀ ਦੇ ਪ੍ਰਤੀਕ ਦੇ ਰੂਪ ਵਿੱਚ ਚਰਖੇ ਦਾ ਚਿੰਨ੍ਹ ਅੰਕਿਤ ਕੀਤਾ ਗਿਆ। ਇਸ ਝੰਡੇ ਨੂੰ ਪਹਿਲੀ ਵਾਰ ਰਾਸ਼ਟਰੀ ਝੰਡੇ ਦੇ ਰੂਪ ਵਿੱਚ ਮਾਨਤਾ ਮਿਲੀ। ਸੰਨ 1921 ਵਿੱਚ ਕਾਂਗਰਸ ਦੀ ਅਹਿਮਦਾਬਾਦ ਬੈਠਕ ਵਿੱਚ ਇਸ ਝੰਡੇ ਨੂੰ ਫਹਿਰਾਇਆ ਗਿਆ।

ਸੰਨ 1931 ਵਿੱਚ ਕਾਂਗਰਸ ਕਾਰਜਕਮੇਟੀ ਨੇ ਕਰਾਚੀ ਸੰਮੇਲਨ ਵਿੱਚ ਇਕ ਪ੍ਰਸਤਾਵ ਪਾਰਿਤ ਕਰਕੇ ਰਾਸ਼ਟਰੀ ਝੰਡੇ ਦੇ ਨਿਰਮਾਣ ਲਈ ਇਕ ਸੱਤ ਮੈਂਬਰੀ ਕਮੇਟੀ ਨਿਯੁਕਤ ਕੀਤੀ। ਇਸ ਕਮੇਟੀ ਨੇ ਕਈ ਸੁਝਾਵ ਦਿੱਤੇ ਲੇਕਿਨ ਕਿਸੇ ਕਾਰਣਾ ਕਰਕੇ ਉਹਨਾਂ ਨੂੰ ਸਵੀਕਾਰ ਨਹੀਂ ਕੀਤਾ ਗਿਆ।

ਸੰਨ 1933 ਵਿੱਚ ਵਰਤਮਾਨ ਰਾਸ਼ਟਰੀ ਝੰਡੇ ਦਾ ਮੌਲਿਕ ਸਵਰੂਪ ਹੋਂਦ ਵਿੱਚ ਆਇਆ। ਇਸ ਝੰਡੇ ਵਿੱਚ ਸਭ ਤੋਂ ਉਪਰ ਬਹਾਦਰੀ ਅਤੇ ਤਿਆਗ ਦੇ ਪ੍ਰਤੀਕ ਦੇ ਰੂਪ ਵਿੱਚ ਕੇਸਰੀ ਪੱਟੀ, ਵਿਚਕਾਰ ਸ਼ਾਂਤੀ, ਅਹਿੰਸਾ ਅਤੇ ਪ੍ਰੇਮ ਦੇ ਪ੍ਰਤੀਕ ਦੇ ਰੂਪ ਵਿੱਚ ਸਫੈਦ ਪੱਟੀ ਅਤੇ ਅੰਤ ਵਿੱਚ ਖੁਸ਼ਹਾਲੀ ਅਤੇ ਪਰੰਪਰਿਕ ਵਿਸ਼ਵਾਸ਼ ਦੇ ਪ੍ਰਤੀਕ ਦੇ ਰੂਪ ਵਿੱਚ ਹਰੀ ਪੱਟੀ ਦਾ ਸੁਮੇਲ ਕੀਤਾ ਗਿਆ। ਇਸ ਝੰਡੇ ਦੀ ਸਫੈਦ ਪੱਟੀ ਤੇ ਗਹਿਰੇ ਨੀਲੇ ਰੰਗ ਵਿੱਚ ਚਰਖੇ ਦਾ ਚਿੰਨ੍ਹ ਅੰਕਿਤ ਕੀਤਾ ਗਿਆ। ਕਾਂਗਰਸ ਰਾਹੀਂ ਮਾਨਤਾ ਪ੍ਰਾਪਤ ਇਹ ਝੰਡਾ ਸੰਨ 1947 ਵਿੱਚ ਆਜ਼ਾਦੀ ਦੇ ਪਰਵ ਤਕ ਰਾਸ਼ਟਰੀ ਝੰਡਾ ਬਣਿਆ ਰਿਹਾ। ਸਾਰੇ ਰਾਸ਼ਟਰੀ ਅਵਸਰਾਂ ਤੇ ਇਸ ਨੂੰ ਫਹਿਰਾਇਆ ਜਾਂਦਾ ਰਿਹਾ।

ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਸੰਵਿਧਾਨ ਸਭਾ ਦੁਆਰਾ 23 ਜੂਨ, 1947 ਨੂੰ ਰਾਸ਼ਟਰੀ ਝੰਡੇ ਤੇ ਵਿਚਾਰ ਕਰਨ ਲਈ 'ਰਾਸ਼ਟਰੀ ਝੰਡਾ ਕਮੇਟੀ' ਗਠਿਤ ਕੀਤੀ ਗਈ। ਕਮੇਟੀ ਦੀ ਸਿਫਾਰਸ਼ ਤੇ ਰਾਸ਼ਟਰੀ ਝੰਡੇ ਵਿੱਚ ਚਰਖੇ ਦੇ ਸਥਾਨ ਤੇ ਅਸ਼ੋਕ ਚੱਕਰ ਅੰਕਿਤ ਕਰਕੇ ਭਾਰਤ ਦੇ ਰਾਸ਼ਟਰੀ ਝੰਡੇ ਦੇ ਰੂਪ ਵਿੱਚ ਇਸ ਨੂੰ ਸਵੀਕਾਰ ਕਰ ਲਿਆ ਗਿਆ।

ਚਰਖੇ ਦੇ ਸਥਾਨ ਤੇ ਚੱਕਰ ਅੰਕਿਤ ਕਿਉਂ ਕੀਤਾ ਗਿਆ? ਇਸ ਸੰਬੰਧ ਵਿੱਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਹਾਲਾਤ ਨੂੰ ਸਪੱਸ਼ਟ ਕਰਦੇ ਹੋਏ ਕਿਹਾ ਸੀ - ''ਝੰਡੇ ਤੇ ਚਰਖਾ ਇਸ ਪ੍ਰਕਾਰ ਅੰਕਿਤ ਰਹਿੰਦਾ ਸੀ ਕਿ ਇਕ ਸਿਰੇ ਤੇ ਪਹੀਆ ਅਤੇ ਦੂਸਰੇ ਸਿਰੇ ਤੇ ਤਕੁਆ ਰਹਿੰਦਾ ਸੀ। ਅਗਰ ਝੰਡੇ ਨੂੰ ਦੂਸਰੇ ਪਾਸੇ ਤੋਂ ਵੇਖਿਆ ਜਾਏ ਤਾਂ ਪਹੀਏ ਪਲਟ ਜਾਂਦੇ ਸਨ। ਇਸ ਵਿਵਹਾਰਿਕ ਕਠਿਨਾਈ ਦੇ ਕਾਰਣ ਝੰਡੇ ਤੇ ਚਰਖੇ ਦੇ ਸਥਾਨ ਤੇ ਚੱਕਰ ਦਾ ਚਿੰਨ੍ਹ ਅੰਕਿਤ ਕਰਨ ਦਾ ਨਿਰਣਾ ਲਿਆ ਗਿਆ।''

ਸਾਡੇ ਰਾਸ਼ਟਰੀ ਝੰਡੇ ਦੀਆਂ ਤਿੰਨਾਂ ਪੱਟੀਆਂ ਦੀ ਲੰਬਾਈ, ਚੌੜਾਈ ਬਰਾਬਰ ਹੁੰਦੀ ਹੈ। ਝੰਡੇ ਦੀ ਲੰਬਾਈ-ਚੌੜਾਈ ਦਾ ਅਨੁਪਾਤ 3:2 ਹੋਣਾ ਚਾਹੀਦਾ ਹੈ। ਸਫੈਦ ਪੱਟੀ ਵਿੱਚ ਉਸਦੀ ਪੂਰੀ ਚੌੜਾਈ ਵਿੱਚ ਗਹਿਰੇ ਨੀਲੇ ਰੰਗ ਦਾ ਅਸ਼ੋਕ ਚੱਕਰ ਅੰਕਿਤ ਕੀਤਾ ਜਾਂਦਾ ਹੈ। ਇਸ ਚੱਕਰ ਵਿੱਚ ਚੌਵੀ ਧਾਰੀਆਂ ਹੁੰਦੀਆਂ ਹਨ।

ਰਾਸ਼ਟਰੀ ਅਵਸਰਾਂ ਤੇ ਸੂਰਜ ਚੜਨ ਦੇ ਬਾਦ ਕਿਸੇ ਵੀ ਸਮੇਂ ਰਾਸ਼ਟਰੀ ਝੰਡਾ ਫਹਿਰਾਇਆ ਜਾ ਸਕਦਾ ਹੈ



ਲੇਕਿਨ ਸੂਰਜ ਡੁੱਬਣ ਤੋਂ ਪਹਿਲਾਂ ਉਹਨੂੰ ਉਤਾਰਨਾ ਜ਼ਰੂਰੀ ਹੈ। ਝੰਡੇ ਦਾ ਡੰਡਾ ਸਿਧਾ ਰਹਿਣਾ ਅਤੇ ਕੇਸਰੀ ਪੱਟੀ ਦਾ ਉਪਰੀ ਸਿਰੇ ਤੇ ਹੋਣਾ ਜ਼ਰੂਰੀ ਹੈ। ਰਾਸ਼ਟਰੀ ਝੰਡੇ ਦੇ ਕੋਲ ਕਿਸੇ ਵੀ ਹੋਰ ਝੰਡੇ ਨੂੰ ਉਸਦੇ ਸੱਜੇ ਪਾਸੇ ਲਗਾਉਣਾ ਚਾਹੀਦਾ ਹੈ ਅਤੇ ਉਚਾਈ ਰਾਸ਼ਟਰੀ ਝੰਡੇ ਤੋਂ ਘੱਟ ਹੋਣੀ ਚਾਹੀਦੀ ਹੈ। ਗੰਦਾ ਅਤੇ ਫਟਿਆ ਹੋਇਆ ਰਾਸ਼ਟਰੀ ਝੰਡਾ ਨਹੀਂ ਫਹਿਰਾਉਣਾ ਚਾਹੀਦਾ। ਰਾਸ਼ਟਰੀ ਸ਼ੋਕ ਦੇ ਇਲਾਵਾ ਹੋਰ ਕਿਸੇ ਵੀ ਅਵਸਰ ਤੇ ਰਾਸ਼ਟਰੀ ਝੰਡਾ ਝੁਕਿਆ ਹੋਇਆ ਨਹੀਂ ਹੋਣਾ ਚਾਹੀਦਾ।

ਝੰਡੇ ਨੂੰ ਫਹਿਰਾਉਂਦੇ ਸਮੇਂ ਉਹਨੂੰ ਤੇਜ਼ੀ ਨਾਲ ਉਪਰ ਵੱਲ ਲਿਜਾਣਾ ਚਾਹੀਦਾ ਹੈ ਜਦਕਿ ਉਤਾਰਨ ਵੇਲੇ ਹੌਲੀ-ਹੌਲੀ ਉਤਾਰਿਆ ਜਾਣਾ ਚਾਹੀਦਾ ਹੈ। ਜਲੂਸ ਆਦਿ ਵਿੱਚ ਚਲਣ ਤੇ ਰਾਸ਼ਟਰੀ ਝੰਡੇ ਨੂੰ ਸੱਜੇ ਮੋਢੇ ਤੇ ਰੱਖ ਕੇ ਸਭ ਤੋਂ ਅਗੇ ਚੱਲਣਾ ਚਾਹੀਦਾ ਹੈ। ਰਾਸ਼ਟਰੀ ਅਵਸਰਾਂ ਤੇ ਝੰਡਾ ਫਹਿਰਾਉਣ ਦੇ ਸਮੇਂ ਸਾਵਧਾਨ ਦੀ ਮੁਦਰਾ ਵਿੱਚ ਖੜੇ ਹੋ ਕੇ ਝੰਡੇ ਦਾ ਸੁਆਗਤ ਕਰਨਾ ਚਾਹੀਦਾ ਹੈ। ਰਾਸ਼ਟਰੀ ਝੰਡੇ ਦਾ ਸਜਾਵਟੀ ਕਪੜੇ ਵਾਂਗ ਇਸਤੇਮਾਲ ਕਰਨਾ ਨਾ ਕੇਵਲ ਰਾਸ਼ਟਰ ਦਾ ਅਪਮਾਨ ਹੈ ਬਲਕਿ ਇਹ ਅਪਰਾਧ ਵੀ ਹੈ।

ਰਾਸ਼ਟਰੀ ਝੰਡਾ ਸਾਡੇ ਆਤਮ-ਸਨਮਾਨ ਦਾ ਪ੍ਰਤੀਕ ਹੈ, ਹਰ ਹਾਲਤ ਵਿੱਚ ਅਤੇ ਹਰ ਕੀਮਤ ਤੇ ਰਾਸ਼ਟਰੀ ਝੰਡੇ ਦਾ ਪੂਰਣ ਸਨਮਾਨ ਕਰਨਾ ਸਾਡਾ ਸਾਰੇ ਦੇਸ਼ਵਾਸੀਆਂ ਦਾ ਜ਼ਰੂਰੀ ਫਰਜ਼ ਹੈ। ਹਜ਼ਾਰਾਂ ਦੇਸ਼ਭਗਤਾਂ ਦੇ ਬਲੀਦਾਨ ਦੇ ਬਾਅਦ ਅਸੀਂ ਇਕ ਆਜ਼ਾਦ ਰਾਸ਼ਟਰ ਦੇ ਨਾਗਰਿਕ ਦੇ ਰੂਪ ਵਿੱਚ ਇਹ ਤਿਰੰਗਾ ਝੰਡਾ ਹਾਸਿਲ ਕਰ ਸਕੇ ਹਾਂ, ਇਸ ਝੰਡੇ ਦੇ ਸਨਮਾਨ ਦਾ ਪ੍ਰਸ਼ਨ ਸਮੁੱਚੇ ਰਾਸ਼ਟਰ ਦੀ ਹੋਂਦ ਅਤੇ ਇੱਜ਼ਤ ਨਾਲ ਜੁੜਿਆ ਹੈ। ■

ਬਾਲ-ਕਵਿਤਾ

- ਪਰਮਜੀਤ ਕੌਰ 'ਆਸ਼ਟ'



# ਛੁੱਟੀਆਂ

ਸਾਲ ਬਾਦ ਫਿਰ ਆਈਆਂ ਛੁੱਟੀਆਂ,
ਬਾਲਾਂ ਦੇ ਮਨ ਭਾਈਆਂ ਛੁੱਟੀਆਂ।

ਪਿਛਲੇ ਸਾਲ ਕੀਤਾ ਭੂਆ ਕੋਲ ਟਿਕਾਣਾਂ,
ਇਸ ਵਾਰ ਪੱਕਾ ਨਾਨਕੇ ਜਾਣਾ।
ਦਿਲ ਦਿਮਾਗ ਤੇ ਛਾਈਆਂ ਛੁੱਟੀਆਂ,
ਬਾਲਾਂ ਦੇ ਮਨ ਭਾਈਆਂ ਛੁੱਟੀਆਂ।

ਮਾਮੇ ਨੇ ਸਾਡਾ ਜੀਅ ਲਵਾਉਣਾ,
ਨਾਨੀ ਦੀਆਂ ਬਾਤਾਂ ਦਿਲ ਪ੍ਰਚਾਉਣਾ।
ਮੌਜ ਬਹਾਰ ਦੀਆਂ ਜਾਈਆਂ ਛੁੱਟੀਆਂ,
ਬਾਲਾਂ ਦੇ ਮਨ ਭਾਈਆਂ ਛੁੱਟੀਆਂ।

ਭੁੱਲਣਾਂ ਨਹੀਂ ਵਿਦਿਆ ਦਾ ਰਸਤਾ,
ਇਸ ਲਈ ਨਾਲ ਹੀ ਰਖਣਾ ਬਸਤਾ।
ਐਂਵੇ ਨਾ ਜਾਣ ਲੰਘਾਈਆਂ ਛੁੱਟੀਆਂ,
ਬਾਲਾਂ ਦੇ ਮਨ ਭਾਈਆਂ ਛੁੱਟੀਆਂ।

ਛੁੱਟੀਆਂ ਤਾਂ ਹੱਸ-ਖੇਡ ਬਿਤਾਈਏ,
ਆਸ਼ਟ ਕਦਰ ਸਮੇਂ ਦੀ ਪਾਈਏ।
ਚੰਗੀਆਂ ਜਾਣ ਬਿਤਾਈਆਂ ਛੁੱਟੀਆਂ,
ਬਾਲਾਂ ਦੇ ਮਨ ਭਾਈਆਂ ਛੁੱਟੀਆਂ।

# ਕੀ ਤੁਸੀਂ ਜਾਣਦੇ ਹੋ ?



* ਸੰਸਾਰ ਦੀ ਪਹਿਲੀ ਮਹਿਲਾ ਪ੍ਰਧਾਨਮੰਤਰੀ ਸ੍ਰੀਲੰਕਾ ਦੀ ਸੀਰੀਮਾਵੋ ਭੰਡਾਰਨਾਯਕੇ ਸੀ।
* ਚੀਨ ਦੀ ਦੀਵਾਰ ਨੂੰ ਮਜ਼ਬੂਤ ਬਣਾਉਣ ਲਈ ਇੱਟਾਂ ਵਿੱਚ ਚਾਵਲ ਦੇ ਆਟੇ ਦਾ ਪ੍ਰਯੋਗ ਕੀਤਾ ਗਿਆ ਸੀ।
* ਹਾਥੀ ਇਕ ਮਾਤਰ ਜਾਨਵਰ ਹੈ ਜੋ ਕੁੱਦ ਨਹੀਂ ਸਕਦਾ।
* ਪਾਣੀ ਦੀ ਗਹਿਰਾਈ ਤਕ ਡੁਬਕੀ ਲਗਾਉਣ ਲਈ ਮਗਰਮੱਛ ਪੱਥਰ ਨਿਗਲ ਲੈਂਦੇ ਹਨ।
* ਭਾਰਤ ਦੇ ਸੁੱਪਰ ਕੰਪਿਊਟਰ ਦਾ ਨਾਮ 'ਪਰਮ' ਹੈ।
* ਪ੍ਰਾਚੀਨ ਯੂਨਾਨ ਵਿੱਚ ਅਪੋਲੋ ਨੂੰ ਸੂਰਜ ਦਾ ਦੇਵਤਾ ਵੀ ਕਿਹਾ ਜਾਂਦਾ ਸੀ।
* ਕਿਸੇ ਵਿਅਕਤੀ ਦੀ ਪਹਿਚਾਨ ਕਰਨ ਲਈ ਉਸ ਦੇ 'ਫਿੰਗਰ ਪ੍ਰਿੰਟ' ਅਰਥਾਤ ਉਂਗਲੀਆਂ ਦੇ ਨਿਸ਼ਾਨ ਲਏ ਜਾਂਦੇ ਹਨ। ਅਗਰ ਕਿਸੇ ਕੁੱਤੇ ਦੀ ਪਹਿਚਾਣ ਕਰਨੀ ਹੋਵੇ ਤਾਂ ਉਸ ਦੀ 'ਨੋਜ਼ਪ੍ਰਿੰਟ' ਯਾਨੀ ਨੱਕ ਦੇ ਪ੍ਰਿੰਟ ਲਏ ਜਾਂਦੇ ਹਨ।
* ਕੇਕੜੇ ਦੇ ਦੰਦ ਪੇਟ ਵਿੱਚ ਹੀ ਹੁੰਦੇ ਹਨ।
* ਜਿਸ ਦਿਨ ਪੂਰਾ ਚੰਨ ਨਿਕਲਣਾ ਹੁੰਦਾ ਹੈ, ਉਸ ਦਿਨ ਸੂਰਜ ਡੁੱਬਦੇ ਹੀ ਚੰਨ ਦਾ ਨਿਕਲਣਾ ਸ਼ੁਰੂ ਹੋ ਜਾਂਦਾ ਹੈ।
* ਨੀਲ ਨਦੀ ਦਾ ਪਾਣੀ ਗਰਮ ਹੁੰਦਾ ਹੈ।
* ਵਿਸ਼ਵ ਦਾ ਸਭ ਤੋਂ ਵੱਡਾ ਮਹਾਂਸਾਗਰ ਪ੍ਰਸ਼ਾਂਤ ਮਹਾਂਸਾਗਰ ਹੈ।
* ਸਾਇਬੇਰੀਆ ਦੀ ਬੈਕਾਲ ਝੀਲ ਵਿਸ਼ਵ ਦੀ ਸਭ ਤੋਂ ਗਹਿਰੀ ਝੀਲ ਹੈ।
* ਚੁੰਬਕ ਦਾ ਪਹਾੜ ਪਾਕਿਸਤਾਨ ਵਿੱਚ ਹੈ।
* ਆਮ ਤੌਰ ਤੇ ਮਕੜੀ ਦੀਆਂ ਅੱਠ ਅੱਖਾਂ ਹੁੰਦੀਆਂ ਹਨ ਫਿਰ ਵੀ ਇਹ ਠੀਕ ਤਰ੍ਹਾਂ ਨਹੀਂ ਵੇਖ ਸਕਦੀ।
* ਪਤੰਗੇ ਦਾ ਜੀਵਨਕਾਲ 24 ਘੰਟਿਆਂ ਤੋਂ ਜ਼ਿਆਦਾ ਨਹੀਂ ਹੁੰਦਾ।
* ਨਾਈਟਰਸ ਆਕਸਾਈਡ ਗੈਸ ਨੂੰ ਸੁੰਘਣ ਨਾਲ ਆਦਮੀ ਹੱਸਦਾ ਹੀ ਰਹਿੰਦਾ ਹੈ।
* ਸਵਿਟਜ਼ਰਲੈਂਡ ਵਿੱਚ ਕਿਸੇ ਕਾਰ ਦੇ ਦਰਵਾਜ਼ੇ ਨੂੰ ਜ਼ੋਰ ਨਾਲ ਬੰਦ ਕਰਨਾ ਗੈਰ ਕਾਨੂੰਨੀ ਮੰਨਿਆ ਜਾਂਦਾ ਹੈ।

ਸੰਗ੍ਰਿਹਕਰਤਾ - ਵਿਕਾਸ ਕੁਮਾਰ ਬੰਸਲ

ਕਹਾਣੀ : ਰਾਧੇਲਾਲ 'ਨਵਚੱਕਰ'



# ਜੈਸੀ ਕਰਨੀ ਵੈਸੀ ਭਰਨੀ

ਕਿਸੇ ਸ਼ਹਿਰ ਵਿੱਚ ਦੋ ਵਿਅਕਤੀ ਰਹਿੰਦੇ ਸਨ। ਇਕ ਧਰਮਬੁੱਧੀ ਅਤੇ ਦੂਸਰਾ ਪਾਪਬੁੱਧੀ ਸੀ। ਇੱਕ ਦਿਨ ਪਾਪਬੁੱਧੀ ਨੇ ਧਰਮਬੁੱਧੀ ਨੂੰ ਕਿਹਾ- ਅਸੀਂ ਲੋਕ ਕਿਸੇ ਦੂਸਰੇ ਸ਼ਹਿਰ ਵਿੱਚ ਚੱਲੀਏ। ਉਥੇ ਘੁੰਮ-ਫਿਰ ਕੇ ਕੋਈ ਕਾਰੋਬਾਰ ਕਰਾਂਗੇ, ਧਨ ਕਮਾਂਵਾਂਗੇ। ਇਕ ਹੀ ਜਗ੍ਹਾ ਬੈਠੇ ਰਹਿ ਕੇ ਅਸੀਂ ਅਮੀਰ ਨਹੀਂ ਬਣ ਸਕਦੇ।

– ਠੀਕ ਕਹਿੰਦੇ ਹੋ ਭਾਈ- ਧਰਮਬੁੱਧੀ ਨੂੰ ਪਾਪਬੁੱਧੀ ਦੀ ਗੱਲ ਜਚ ਗਈ। ਉਹ ਫਿਰ ਬੋਲਿਆ- ਮੈਂ ਤਿਆਰ ਹਾਂ। ਸਚਮੁਚ ਇਕ ਜਗ੍ਹਾ ਬੈਠੇ ਰਹਿ ਕੇ ਜੀਵਨ ਬੇਕਾਰ ਹੋ ਰਿਹਾ ਹੈ।

– ਬਿਨਾ ਬਾਹਰ ਗਏ ਅਸੀਂ ਕੁਝ ਸਿੱਖ ਵੀ ਨਹੀਂ ਸਕਦੇ। ਅਨੁਭਵਹੀਨ ਰਹਿ ਜਾਵਾਂਗੇ। -ਪਾਪਬੁੱਧੀ ਨੇ ਕਿਹਾ।

– ਬਿਲਕੁਲ।- ਧਰਮਬੁੱਧੀ ਨੇ ਹਾਮੀ ਭਰੀ।

ਫਿਰ ਕੀ ਸੀਖ਼ ਦੋਵੇਂ ਇਕ ਪਰਦੇਸ ਲਈ ਨਿਕਲ ਪਏ। ਪਰਦੇਸ ਵਿੱਚ ਦੋਹਾਂ ਨੇ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ। ਖ਼ੂਬ ਮਿਹਨਤ ਕੀਤੀ। ਕਾਫੀ ਧਨ ਕਮਾਇਆ। ਇਹ ਧਨ ਕਮਾਉਣ ਵਿੱਚ ਧਰਮਬੁੱਧੀ ਦਾ ਜ਼ਿਆਦਾ ਹੱਥ ਸੀ।

ਪਰਦੇਸ ਵਿੱਚ ਜਦ ਬਹੁਤ ਦਿਨ ਹੋ ਗਏ ਤਾਂ ਇਕ ਦਿਨ ਦੋਹਾਂ ਦੇ ਮਨ ਵਿੱਚ ਘਰ ਵਾਪਸ ਜਾਣ ਦਾ ਵਿਚਾਰ ਪੈਦਾ ਹੋਇਆ। ਦੋਵੇਂ ਇਸਦੇ ਲਈ ਝੱਟ ਤਿਆਰ ਹੋ ਗਏ। ਅਗਲੇ ਦਿਨ ਉਹ ਘਰ ਲਈ ਚਲ ਪਏ।

ਜਦ ਦੋਵੇਂ ਆਪਣੇ ਸ਼ਹਿਰ ਦੇ ਨੇੜੇ ਆ ਪਹੁੰਚੇ ਤਾਂ ਪਾਪਬੁੱਧੀ ਨੇ ਧਰਮਬੁੱਧੀ ਨੂੰ ਕਿਹਾ – ਮੇਰੀ ਇੱਕ ਗੱਲ ਮੰਨੋਗੇ?

– ਜ਼ਰੂਰ, ਦੱਸ ਤਾਂ।

– ਸਾਡੇ ਕੋਲ ਕਾਫੀ ਧਨ ਹੈ। ਐਨਾ ਧਨ ਲੈ ਕੇ ਘਰ ਜਾਣਾ ਠੀਕ ਨਹੀਂ ਹੈ।

–ਕਿਉਂ? – ਧਰਮਬੁੱਧੀ ਨੇ ਪੁੱਛਿਆ।

–ਸਾਡੇ ਧਨ ਕਮਾਉਣ ਦੀ ਚਰਚਾ ਹੌਲੀ-ਹੌਲੀ ਚਾਰੇ ਪਾਸੇ ਫੈਲ ਜਾਏਗੀ। ਨਤੀਜਾ ਇਹ ਹੋਏਗਾ ਕਿ ਸਕੇ-ਸਬੰਧੀ ਅਤੇ ਮਿੱਤਰ ਆ ਕੇ ਸਾਡੇ ਤੋਂ ਧਨ ਦੀ ਮੰਗ ਕਰਨਗੇ। ਚੋਰੀ ਡਕੈਤੀ ਵੀ ਹੋ ਸਕਦੀ ਹੈ। ਸਾਡੀ ਪ੍ਰੇਸ਼ਾਨੀ ਵਧ ਜਾਏਗੀ। – ਪਾਪਬੁੱਧੀ ਨੇ ਧਰਮਬੁੱਧੀ ਨੂੰ ਸਮਝਾਇਆ।

ਪਾਪਬੁੱਧੀ ਉਂਝ ਵੀ ਬੜਾ ਝਗੜਾਲੂ ਸੀ। ਇਸ ਲਈ ਧਰਮਬੁੱਧੀ ਨੇ ਪਾਪਬੁੱਧੀ ਦੀ ਗੱਲ ਡਰ ਦੇ ਮਾਰੇ ਮੰਨ ਲਈ। ਉਸ ਨੇ ਪੁੱਛਿਆ– ਫਿਰ ਅਸੀਂ ਐਨੇ ਧਨ ਦਾ ਕੀ ਕਰਾਂਗੇ?



–ਹਾਲਾਂ ਅਸੀਂ ਸ਼ਹਿਰ ਦੇ ਬਾਹਰ ਹਾਂ। ਇਥੇ ਘਣਾ ਜੰਗਲ ਹੈ। ਕਿਉਂ ਨਾ ਕਿਸੇ ਰੁੱਖ ਦੇ ਕੋਲ ਟੋਇਆ ਪੁੱਟ ਕੇ ਉਸ ਵਿੱਚ ਅਸੀਂ ਆਪਣਾ ਇੱਕਠਾ ਕੀਤਾ ਧਨ ਲੁਕਾ ਕੇ ਰੱਖ ਦਈਏ। ਥੋੜਾ ਜਿਹਾ ਆਪਣੇ ਨਾਲ ਲੈ ਚੱਲੀਏ ਅਤੇ ਜਦ-ਜਦ ਸਾਨੂੰ ਧਨ ਦੀ ਲੋੜ ਹੋਵੇਗੀ ਇਥੇ ਆ ਕੇ ਲੈ ਜਾਵਾਂਗੇ -ਪਾਪ ਬੁੱਧੀ ਨੇ ਕਿਹਾ।

–ਸਹੀ ਕਹਿੰਦੇ ਹੋ।– ਧਰਮਬੁੱਧੀ ਨੇ ਪਾਪਬੁੱਧੀ ਦੀ ਗੱਲ ਸੁਣ ਕੇ ਉਸ ਦਾ ਸਮਰਥਨ ਕੀਤਾ।

ਇਕ ਰੁੱਖ ਦੇ ਕੋਲ ਟੋਇਆ ਪੁੱਟ ਕੇ ਦੋਹਾਂ ਨੇ ਉਸ ਵਿੱਚ ਆਪਣਾ ਧਨ ਲੁਕਾ ਕੇ ਰੱਖ ਦਿੱਤਾ। ਫਿਰ ਟੋਏ ਨੂੰ ਚੰਗੀ ਤਰ੍ਹਾਂ ਪੂਰ ਦਿੱਤਾ। ਥੋੜਾ ਜਿਹਾ ਧਨ ਲੈ ਕੇ ਉਹ ਘਰ ਪਹੁੰਚੇ।

ਕੁਝ ਦਿਨਾਂ ਦੇ ਬਾਦ ਪਾਪਬੁੱਧੀ ਦੇ ਮਨ ਵਿੱਚ ਪਾਪ ਆ ਗਿਆ। ਇਕ ਦਿਨ ਉਹ ਇੱਕਲਾ ਹੀ ਜੰਗਲ ਵਿੱਚ ਗਿਆ ਅਤੇ ਦੱਬਿਆ ਹੋਇਆ ਸਾਰਾ ਹੀ ਧਨ ਘਰ ਲੈ ਆਇਆ। ਧਰਮਬੁੱਧੀ ਨੂੰ ਇਸਦੀ ਭਨਕ ਵੀ ਨਹੀਂ ਲੱਗਣ ਦਿੱਤੀ।

ਥੋੜੇ ਦਿਨ ਹੋਰ ਗੁਜਰੇ। ਇਕ ਦਿਨ ਪਾਪਬੁੱਧੀ ਨੇ ਧਰਮਬੁੱਧੀ ਨੂੰ ਕਿਹਾ– ਸਾਡੇ ਕੋਲ ਹੁਣ ਧਨ ਦੀ ਘਾਟ ਹੋ ਗਈ ਹੈ ਕਿਉਂ ਨਾ ਜੰਗਲ ਜਾ ਕੇ ਦੱਬਿਆ ਹੋਇਆ ਧਨ ਲੈ ਆਈਏ।

ਧਰਮਬੁੱਧੀ ਮੰਨ ਗਿਆ। ਦੋਵੇਂ ਸ਼ਹਿਰ ਦੇ ਬਾਹਰ ਜੰਗਲ ਵਿੱਚ ਜਾ ਪਹੁੰਚੇ। ਪਾਪਬੁੱਧੀ ਨੇ ਜਿਥੇ ਧਨ ਲੁਕਾ ਕੇ ਰੱਖਿਆ ਸੀ, ਟੋਇਆ ਪੁੱਟਿਆ ਪਰ ਉਥੇ ਕੁਝ ਨਹੀਂ ਮਿਲਿਆ। ਹੁਣ ਉਹ ਧਰਮਬੁੱਧੀ ਤੇ ਕ੍ਰੋਧਿਤ ਹੋ ਗਿਆ।– ਜਿਸ ਸਮੇਂ ਅਸੀਂ ਇਥੇ ਧਨ ਲੁਕਾ ਕੇ ਰੱਖਿਆ ਸੀ ਇਥੇ ਮੇਰੇ ਇਲਾਵਾ ਸਿਰਫ ਤੂੰ ਹੀ ਸੀ। ਤੀਸਰਾ ਕੋਈ ਵੀ ਨਹੀਂ ਸੀ। ਜ਼ਰੂਰ ਹੀ ਕਿਸੇ ਦਿਨ ਆ ਕੇ ਇਥੋਂ ਸਾਰਾ ਧਨ ਤੂੰ ਹੀ ਲੈ ਗਿਆ ਹੈ। ਆਪਣੇ ਹਿੱਸੇ ਦੇ ਨਾਲ ਮੇਰਾ ਹਿੱਸਾ ਵੀ ਲੈ ਗਿਆ। ਤੂੰ ਧੋਖੇਬਾਜ ਹੈ।

–ਸੱਚਮੁਚ ਮੈਂ ਅਜਿਹਾ ਕੁਝ ਵੀ ਨਹੀਂ ਕੀਤਾ ਹੈ। – ਧਰਮਬੁੱਧੀ ਬੋਲਿਆ। ਪਰ ਪਾਪਬੁੱਧੀ ਨੇ ਉਸ ਦੀ ਇਕ ਨਾ ਸੁਣੀ। ਭਲਾ ਚਾਹੁੰਦੇ ਹੋ ਤਾਂ ਮੇਰਾ ਹਿੱਸਾ ਵਾਪਸ ਕਰ ਦਿਉ ਨਹੀਂ ਤਾਂ ਮੈਂ ਪੰਚਾਇਤ ਵਿੱਚ ਫਰਿਆਦ ਕਰਾਂਗਾ।

–ਜਦ ਮੈਂ ਧਨ ਲਿਆ ਹੀ ਨਹੀਂ ਤਾਂ ਕਿਥੋਂ ਦੇਵਾਂ? ਧਰਮਬੁੱਧੀ ਨੇ ਸਾਫ਼ ਕਿਹਾ। ਜੀਵਨ ਵਿੱਚ ਮੈਂ ਕਦੇ ਕਿਸੇ ਦੇ ਨਾਲ ਧੋਖੇਬਾਜੀ ਨਹੀਂ ਕੀਤੀ ਅਤੇ ਨਾ ਝੂਠ ਬੋਲਿਆ ਹੈ।

ਪ੍ਰੰਤੂ ਪਾਪਬੁੱਧੀ ਤੇ ਧਰਮਬੁੱਧੀ ਦੀ ਗੱਲ ਦਾ ਕੋਈ ਅਸਰ ਨਹੀਂ ਹੋਇਆ। ਉਸ ਨੇ ਪੰਚਾਇਤ ਵਿੱਚ ਫਰਿਆਦ ਕਰ ਦਿੱਤੀ। ਜੱਜ ਨੇ ਦੋਹਾਂ ਪੱਖਾਂ ਦੀਆਂ ਸਾਰੀਆਂ ਗੱਲਾਂ ਧਿਆਨ ਨਾਲ ਸੁਣੀਆ। ਫਿਰ ਕਿਹਾ – ਠੀਕ ਹੈ, ਕੱਲ ਅਸੀਂ ਲੋਕ ਰੁੱਖ ਦੇ ਕੋਲ ਜਾਵਾਂਗੇ, ਰੁੱਖ ਤੋਂ ਗਵਾਹੀ ਲੈ ਕੇ ਸੱਚਾਈ ਦਾ ਪਤਾ ਲਗਾਂਵਾਂਗੇ।

ਧਰਮਬੁੱਧੀ ਨੇ ਝੱਟ ਸੁੱਕੀਆਂ ਲੱਕੜੀਆਂ ਰੁੱਖ ਦੇ ਕੋਲ ਇੱਕਠੀਆਂ ਕੀਤੀਆਂ। ਫਿਰ ਉਹਨਾਂ ਵਿੱਚ ਅੱਗ ਲਗਾ ਦਿੱਤੀ। ਧੂੰਆਂ ਉਠਿਆ। ਪੂਰਾ ਰੁੱਖ ਧੂੰਏਂ ਨਾਲ ਭਰ ਗਿਆ।



ਅਗਲੇ ਦਿਨ ਸਰਪੰਚ ਦੇ ਨਾਲ ਪੰਚਾਇਤ ਦੇ ਸਾਰੇ ਲੋਕ ਉਸ ਰੁੱਖ ਕੋਲ ਆ ਪਹੁੰਚੇ। ਸਰਪੰਚ ਨੇ ਰੁੱਖ ਤੋਂ ਪੁੱਛਿਆ – ਹੇ ਵਨਦੇਵਤਾ! ਆਪ ਇਸ ਜੰਗਲ ਵਿੱਚ ਨਿਵਾਸ ਕਰਦੇ ਹੋ ਅਤੇ ਹਰ ਰੁੱਖ ਵਿੱਚ ਆਪ ਦਾ ਵਾਸ ਹੈ। ਆਪ ਹੀ ਸੱਚ ਦੱਸ ਸਕਦੇ ਹੋ, ਇਸ ਰੁੱਖ ਦੇ ਕੋਲ ਜੋ ਧਨ ਦੱਬਿਆ ਗਿਆ ਸੀ, ਕੌਣ ਲੈ ਗਿਆ ਹੈ?

– ਧਰਮਬੁੱਧੀ।– ਰੁੱਖ ਤੋਂ ਆਵਾਜ਼ ਆਈ।

ਆਵਾਜ਼ ਸੁਣ ਕੇ ਧਰਮਬੁੱਧੀ ਹੈਰਾਨ ਹੋ ਗਿਆ। ਉਹਨੂੰ ਆਵਾਜ਼ ਜਾਣੀ-ਪਛਾਣੀ ਜਿਹੀ ਲੱਗੀ। ਉਹਨੂੰ ਕੁਝ ਗੜਬੜੀ ਨਜ਼ਰ ਆਈ। ਇਕ ਪਲ ਉਸ ਨੇ ਗੰਭੀਰ ਹੋ ਕੇ ਸੋਚਿਆ ਤਾਂ ਉਹਨੂੰ ਗੱਲ ਕੁਝ ਸਮਝ ਵਿੱਚ ਆ ਗਈ। ਪਰ ਉਹ ਅਣਜਾਣ ਬਣਿਆ ਰਿਹਾ।

ਹੁਣ ਸਰਪੰਚ ਦੀ ਨਿਗਾਹ ਧਰਮਬੁੱਧੀ ਤੇ ਪਈ ਤਾਂ ਉਹ ਸਰਪੰਚ ਨੂੰ ਹੱਥ ਜੋੜਦੇ ਹੋਏ ਬੋਲਿਆ– ਮੈਂ ਇਕਦਮ ਨਿਰਦੋਸ਼ ਹਾਂ। ਸਰਪੰਚ ਹੱਸ ਪਿਆ ਅਤੇ ਬੋਲਿਆ – ਠਹਿਰੋ! ਹੁਣ ਅੱਗ ਤੋਂ ਪੁੱਛਿਆ ਜਾਏਗਾ, ਜਾਉ ਲੱਕੜੀਆਂ ਇੱਕਠੀਆਂ ਕਰੋ।

ਕੁਝ ਹੀ ਦੇਰ ਵਿੱਚ ਰੁੱਖ ਦੇ ਤਨੇ ਦੇ ਖੋਲ ਵਿਚੋਂ ਇਕ ਆਦਮੀ ਨਿਕਲ ਕੇ ਭੱਜਿਆ। ਸਭ ਨੇ ਉਸ ਨੂੰ ਵੇਖਿਆ। ਕਿਸੇ ਨੇ ਉਸ ਨੂੰ ਜਾ ਫੜਿਆ, ਉਹ ਪਾਪਬੁੱਧੀ ਦਾ ਬਾਪ ਸੀ। ਧੂੰਏਂ ਨਾਲ ਉਸ ਦੀ ਹਾਲਤ ਖਰਾਬ ਹੋ ਗਈ ਸੀ। ਜਦ ਉਸ ਤੋਂ ਪੁੱਛ–ਗਿੱਛ ਕੀਤੀ ਗਈ ਤਾਂ ਪਤਾ ਲਗਾ ਕਿ ਸਾਰੀ ਕਰਤੂਤ ਪਾਪਬੁੱਧੀ ਦੀ ਹੀ ਸੀ। ਸਾਰਿਆਂ ਨੂੰ ਸੱਚਾਈ ਪਤਾ ਲੱਗ ਗਈ। ਸਰਪੰਚ ਨੇ ਪਾਪਬੁੱਧੀ ਅਤੇ ਉਸ ਦੇ ਬਾਪ ਨੂੰ ਸਜਾ ਦਿੱਤੀ। ਧਰਮਬੁੱਧੀ ਦੇ ਹਿੱਸੇ ਦਾ ਧਨ ਵੀ ਪਾਪਬੁੱਧੀ ਤੋਂ ਉਹਨੂੰ ਮਿਲ ਗਿਆ।

ਸਰਪੰਚ ਬੋਲਿਆ ਭਲਾ ਕਿਤੇ ਰੁੱਖ ਵੀ ਬੋਲਦੇ ਹਨ। ਪ੍ਰੰਤੂ ਚੋਰ ਹਮੇਸ਼ਾਂ ਅੰਨ੍ਹਾ ਹੁੰਦਾ ਹੈ। ਮੈਨੂੰ ਪਤਾ ਸੀ ਕਿ ਜੋ ਵੀ ਚੋਰ ਹੋਵੇਗਾ ਉਹ ਰੁੱਖ ਦੀ ਆਵਾਜ਼ ਜ਼ਰੂਰ ਕੱਢੇਗਾ। ਤਦ ਅਸੀਂ ਧੂੰਆਂ ਕਰਾਂਗੇ। ਬਸ ਉਹੀ ਤਰਕੀਬ ਕੰਮ ਆ ਗਈ ਅਤੇ ਸੱਚਾਈ ਦਾ ਪਤਾ ਚਲ ਗਿਆ। ਸੱਚਾਈ ਜਿੱਤ ਗਈ। ■

ਕਵਿਤਾ - ਰਣਜੀਤ ਆਜ਼ਾਦ

# ਰੰਗ ਬਰੰਗੀ ਛੱਤਰੀ



ਰੰਗ ਬਰੰਗੀ ਪਿਆਰੀ ਛੱਤਰੀ
ਕਿੰਨੀ ਸੋਹਣੀ ਨਿਆਰੀ ਛੱਤਰੀ।

ਡੱਬ ਖੜੱਬਾ ਜੜਿਆ ਮੁੱਠਾ।
ਹੱਥ 'ਚ' ਫੜਿਆ ਜਾਏ ਮੁੱਠਾ।

ਜਿਉਂ ਹੀ ਇਹਦਾ ਬਟਨ ਦਬਾਵਾਂ।
ਤਣੀ ਛੱਤਰੀ ਸਾਹਮਣੇ ਪਾਵਾਂ।

ਕਰ ਦੇਵੇ ਝੱਟ ਸੰਘਣੀ ਛਾਂ।
ਛਾਂ ਦੇ ਵਿਚ ਮੈ ਤੁਰਦਾ ਹਾਂ।

ਧੁੱਪ ਹੋਵੇ ਜਾਂ ਪਏ ਬਰਸਾਤ
ਸਦਾ ਨਿਭਾਉਂਦੀ ਮੇਰਾ ਸਾਥ।

ਤੇਜ਼ ਹਵਾ ਚ ਉਡ ਉਡ ਜਾਵੇ
ਬੰਦ ਕਰੋ ਤੇ ਉਡ ਨਾ ਪਾਵੇ।

ਤਣ ਜਾਣ ਲੋਹੇ ਦੀਆਂ ਤਾਰਾਂ
ਰੰਗੀਨ ਪੱਟੀ ਬਣਾਉਦੀਆਂ ਤਾਰਾਂ।

ਬਟਨ ਦਬਾ ਕੇ ਬੰਦ ਹੋ ਜਾਵੇ
ਵੱਡੀ ਛੱਤਰੀ ਛੋਟੀ ਬਣ ਜਾਵੇ।
'ਆਜ਼ਾਦ' ਦੀ ਹੈ ਛੱਤਰੀ ਨਿਆਰੀ
ਤਾਹੀਉਂ ਲੱਗਦੀ ਬਹੁਤ ਪਿਆਰੀ।





# ਫਲ - ਫਰੂਟ ਖਾਉ

❐ ਅਮਰਜੀਤ ਅਰੋੜਾ



**ਸੇਬ** - ਇਹ ਤਾਂ ਅਸੀ ਸੁਣਦੇ ਹੀ ਆਏ ਹਾਂ ''ਐਨ ਐਪਲ ਏ ਡੇ ਕੀਪਸ ਦ ਡਾਕਟਰ ਅਵੇ।'' ਇਹ ਸੱਚ ਹੀ ਹੈ ਸਾਰੇ ਫਲਾਂ ਵਿੱਚੋਂ ਸੇਬ ਇਕ ਵਧੀਆ ਫਲ ਹੈ। ਸਾਡੇ ਸ਼ਰੀਰ ਵਿਚ ਹੋਣ ਵਾਲੇ ਸ਼ਰੀਰਕ ਅਤੇ ਰਸਾਇਣਿਕ ਪਰਿਵਰਤਨਾ ਵਿਚ ਇਸ ਦੀ ਵਰਤੋਂ ਮਹੱਤਵਪੂਰਣ ਲਾਭ ਦਿੰਦੀ ਹੈ। ਪੋਸ਼ਕ ਤੱਤਵਾਂ ਦੀ ਨਜ਼ਰ ਨਾਲ ਇਹ ਮਿਨਰਲ ਅਤੇ ਵਿਟਾਮਿਨ ਦਾ ਭੰਡਾਰ ਹੈ। ਅਨੀਮੀਆ, ਕਬਜ਼, ਡਾਏਰਿਆ, ਸਿਰਦਰਦ, ਦਿਲ ਦੇ ਰੋਗਾਂ, ਪੇਟ ਦਰਦ, ਅਤੇ ਅੱਖਾਂ ਸਬੰਧੀ ਰੋਗਾਂ ਦੇ ਇਲਾਜ ਵਿਚ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਇਕ ਸ਼ੋਧ ਨਾਲ ਇਹ ਵੀ ਪਤਾ ਲੱਗਿਆ ਹੈ ਕਿ ਸੇਬ ਅਤੇ ਸੇਬ ਦੇ ਰਸ ਵਿਚ ਐਸੇ ਰਸਾਇਣ ਮਿਲਦੇ ਹਨ ਜੋ ਰੋਜ ਦੋ ਸੇਬਾਂ ਦੀ ਵਰਤੋਂ ਕਰਦੇ ਹਨ ਉਹਨਾਂ ਵਿੱਚ ਐਲ ਡੀ ਐਲ ਆਕਸੀਡੇਸ਼ਨ ਵਿਚ 20 ਪ੍ਰਤੀਸ਼ਤ ਕਮੀ ਪਾਈ ਗਈ। ਹਾਂ, ਸੇਬ ਦੀ ਵਰਤੋਂ ਕਰਦੇ ਸਮੇਂ ਇਹ ਧਿਆਨ ਰਖਣਾ ਚਾਹੀਦਾ ਹੈ ਕਿ ਖਾਲੀ ਪੇਟ ਇਸ ਨੂੰ ਨਹੀਂ ਖਾਣਾ ਚਾਹੀਦਾ ਹੈ।



**ਚਕੁੰਦਰ** - ਚਕੁੰਦਰ ਦਾ ਰਸ ਜਿਗਰ ਨੂੰ ਫਾਇਦਾ ਕਰਦਾ ਹੈ। ਖੂਨ ਨੂੰ ਸਾਫ ਕਰਕੇ ਵਿਸ਼ੈਲੇ ਤਤਵਾਂ ਨੂੰ ਬਾਹਰ ਕੱਢਦਾ ਹੈ। ਇਹ ਕਬਜ਼ ਨੂੰ ਦੂਰ ਕਰਦਾ ਹੈ ਅਤੇ ਖੂਨ ਸੰਚਾਰ ਵਿਚ ਸੁਧਾਰ ਕਰਕੇ ਕੋਲੇਸਟ੍ਰੋਲ ਵਿਚ ਕਮੀ ਲਿਆਉਂਦਾ ਹੈ। ਅਨੀਮਿਆ ਵਿਚ ਵੀ ਇਸਦੀ ਵਰਤੋਂ ਫਾਇਦੇਮੰਦ ਹੈ।



**ਕੇਲਾ** - ਕੇਲਾ ਇਕ ਇਹੋ ਜਿਹਾ ਫਲ ਹੈ ਜੋ ਸਸਤਾ ਮਿਲਦਾ ਹੈ ਹਰ ਇਨਸਾਨ ਇਸਨੂੰ ਖਰੀਦ ਸਕਦਾ ਹੈ। ਇਹ ਇਨਰਜੀ ਦਾ ਭੰਡਾਰ ਹੈ। ਇਕ ਕੇਲੇ ਵਿਚ 100 ਕੈਲਰੀ ਦੀ ਮਾਤਰਾ ਹੁੰਦੀ ਹੈ। ਇਸ ਵਿਚ ਪ੍ਰੋਟੀਨ ਵਿਟਾਮਿਨ ਅਤੇ ਮਿਨਰਲ ਮਿਲਦੇ ਹਨ। ਦੁੱਧ ਦੇ ਨਾਲ ਇਸਦੀ ਵਰਤੋ ਸੰਪੂਰਨ ਭੋਜਨ ਮੰਨਿਆ ਜਾਂਦਾ ਹੈ। ਆਂਤੜੀਆਂ ਸਬੰਧੀ ਰੋਗਾਂ, ਡਾਏਰੀਆ, ਪੇਚਿਸ ਆਰਥਰਾਇਟਸ, ਅਨੀਮਿਆ, ਟੀ.ਬੀ ਅਤੇ ਐਲਰਜੀ ਵਿਚ ਇਸਦੀ ਵਰਤੋਂ ਲਾਭਦਾਇਕ ਹੈ। ਪੋਟੇਸ਼ੀਅਮ ਦਾ ਉੱਤਮ ਸ੍ਰੋਤ ਹੋਣ ਦੇ ਕਾਰਣ ਉਹਨਾਂ ਵਿਅਕਤੀਆਂ ਦੀਆ ਜਿਹਨਾ ਦੀ ਕਿਡਨੀ ਫੇਲ ਹੋ ਗਈ ਹੋਵੇ ਇਸਦੀ ਵਰਤੋਂ ਨਹੀਂ ਕਰਨੀ ਚਾਹੀਦੀ।

# ਸੋਹਣੀ ਸਿਹਤ ਬਣਾਉ



**ਪਪੀਤਾ** – ਪਪੀਤਾ ਮਨੁੱਖ ਦੀ ਸਿਹਤ ਦੇ ਲਈ ਟਾਨਿਕ ਦਾ ਕੰਮ ਕਰਦਾ ਹੈ। ਸ਼ਾਇਦ ਇਹੀ ਕਾਰਣ ਹੈ ਕਿ ਇਸਦੀ ਗਿਣਤੀ ਉਤਮ ਫਲਾਂ ਵਿਚ ਕੀਤੀ ਜਾਂਦੀ ਹੈ। ਪਪੀਤੇ ਵਿਚ ਪੇਪੇਨ, ਵਿਟਾਮਿਨ ਏ, ਵਿਟਾਮਿਨ ਸੀ, ਚੰਗੀ ਮਾਤਰਾ ਵਿਚ ਮਿਲਦਾ ਹੈ। ਪਪੀਤਾ ਪੇਟ ਦੇ ਰੋਗਾਂ, ਅੱਖਾਂ ਦੇ ਰੋਗਾਂ, ਜਿਗਰ, ਕਬਜ਼, ਆਦਿ ਨੂੰ ਦੂਰ ਕਰਦਾ ਹੈ। ਗਰਭਵਤੀ ਅਤੇ ਦੁੱਧ ਪਿਲਾਉਣ ਵਾਲੀਆਂ ਮਹਿਲਾਵਾਂ ਦੇ ਲਈ ਇਸਦੀ ਵਰਤੋਂ ਬਹੁਤ ਲਾਭਕਾਰੀ ਹੈ। ਪਪੀਤੇ ਦਾ ਇਸਤੇਮਾਲ ਉਸ ਦੇ ਕੱਚੇ ਅਤੇ ਪੱਕੇ ਦੋਵਾਂ ਰੂਪਾਂ ਵਿੱਚ ਕੀਤਾ ਜਾਂਦਾ ਹੈ। ਇਸ ਦੇ ਟੁਕੜੇ ਜਾਂ ਗੁੱਦੇ ਨੂੰ ਚਿਹਰੇ ਉਤੇ ਲਗਾਉਣ ਨਾਲ ਝੁਰੜੀਆਂ ਅਤੇ ਸਿਆਹੀਆਂ ਤੋਂ ਛੁਟਕਾਰਾ ਮਿਲਦਾ ਹੈ। ਬਵਾਸੀਰ ਰੋਗ ਵਿੱਚ ਵੀ ਇਸ ਦੀ ਵਰਤੋਂ ਲਾਭਦਾਇਕ ਹੈ।



**ਸੰਤਰਾ** – ਇਹ ਰਸੀਲੇ ਫਲਾਂ ਵਿਚ ਬਹੁਤ ਮਸ਼ਹੂਰ ਫਲ ਹੈ। ਸੰਤਰੇ ਦਾ ਰਸ ਤਾਂ ਹਰ ਥਾਂ ਉਪਲਬਧ ਹੁੰਦਾ ਹੈ। ਸੰਤਰਾ ਵਿਟਾਮਿਨ ਏ, ਬੀ, ਸੀ ਅਤੇ ਕੈਲਸ਼ੀਅਮ ਦਾ ਉਤਮ ਸ੍ਰੋਤ ਹੈ। ਇਸਨੂੰ ਖਾਣ ਨਾਲ ਸ਼ਰੀਰ ਵਿਚ ਐਨਰਜੀ ਪੈਦਾ ਹੁੰਦੀ ਹੈ। ਸੰਤਰਾ ਸਰਦੀ ਅਤੇ ਇਨਫਲੁਏਂਜਾ ਆਦਿ ਤੋਂ ਸੁਰੱਖਿਆ ਦਿੰਦਾ ਹੈ। ਕਬਜ਼ ਅਤੇ ਬੁਖਾਰ ਵਿਚ ਵੀ ਇਸਦੀ ਵਰਤੋ ਲਾਭਦਾਇਕ ਹੈ। ਕਈ ਨਵੀਨਤਮ ਸ਼ੋਧਾਂ ਨਾਲ ਸਾਹਮਣੇ ਆਇਆ ਹੈ ਕਿ ਰਸੀਲੇ ਫਲਾਂ ਦੀ ਵਰਤੋਂ ਕਈ ਗੰਭੀਰ ਰੋਗਾਂ ਨੂੰ ਤੋਂ ਵੀ ਸੁੱਰਖਿਆ ਦਿੰਦੀ ਹੈ।

**ਅਨਾਰ** – ਅਨਾਰ ਇਕ ਇਹੋ ਜਿਹਾ ਫਲ ਹੈ ਜਿਸ ਨੂੰ ਪਚਾਉਣਾਂ ਹੋਰ ਫਲਾਂ ਨਾਲੋ ਅਸਾਨ ਹੈ। 100 ਗ੍ਰਾਮ ਅਨਾਰ ਵਿਚ 65 ਕੈਲੋਰੀ ਦੀ ਮਾਤਰਾ ਦਿੰਦਾ ਹੈ। ਬੁਖਾਰ ਅਤੇ ਹੋਰ ਰੋਗਾਂ ਵਿਚ ਇਸਦੀ ਵਰਤੋਂ ਫਾਇਦੇਮੰਦ ਹੁੰਦੀ ਹੈ। ਜਿਗਰ, ਦਿਲ, ਗੁਰਦੇ ਦੇ ਰੋਗਾਂ ਵਿਚ ਵੀ ਇਸਦੀ ਵਰਤੋਂ ਸੁਧਾਰ ਕਰਦੀ ਹੈ। ਭੋਜਨ ਨਾਲ ਵਿਟਾਮਿਨ ਏ ਦੀ ਪੂਰਤੀ ਕਰਨ ਵਿਚ ਵੀ ਇਹ ਚੰਗੀ ਭੂਮਿਕਾ ਨਿਭਾਉਂਦਾ ਹੈ। ਇਨਫੈਕਸ਼ਨ ਖਾਸਕਰ ਟੀ.ਬੀ ਨਾਲ ਲੜਨ ਦੀ ਤਾਕਤ ਨੂੰ ਇਸਦੀ ਵਰਤੋਂ ਬਚਾਉਂਦੀ ਹੈ। ਬੁਖਾਰ, ਖੁਜਲੀ, ਗੁਰਦੇ ਵਿਚ ਪਥਰੀ ਦੰਦਾਂ ਅਤੇ ਮਸੂੜੇ ਸੰਬੰਧੀ ਰੋਗਾਂ ਆਦਿ ਦੇ ਇਲਾਜ ਵਿਚ ਇਸਦੀ ਵਰਤੋਂ ਲਾਭ ਪਹੁੰਚਾਉਂਦੀ ਹੈ। ■



## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਜਵਾਬ

1) ਉਤਰਾਖੰਡ 2) ਨਿਊਜ਼ੀਲੈਂਡ 3) ਸੋਡੀਅਮ ਕਲੋਰਾਈਡ 4) ਇੰਗਲੈਂਡ 5) ਝਾਰਖੰਡ 6) ਮੈਡ੍ਰਿਡ 7) ਬਾਲ ਕਾਂਡ 8) ਨਿਊਜ਼ੀਲੈਂਡ 9) ਹੀਰਾ ਕੁੰਡ 10) ਥਾਈਲੈਂਡ 11) ਰਾਇਗੜ 12) ਏਲਫ੍ਰੇਡ 13) ਫਿਨਲੈਂਡ 14) ਝਾਰਖੰਡ 15) ਕਾਰਬਨ ਡਾਇਆਕਸਾਈਡ।

ਬਾਲ ਕਥਾ : ਮਦਨ ਨਿਰੰਕਾਰੀ

# ਪੜਨ ਦੀ ਲਗਨ

– ਮੰਮੀ ਮੈਂ ਕੱਲ ਤੋਂ ਸਕੂਲ ਨਹੀਂ ਜਾਵਾਂਗਾ। ਸਕੂਲ ਤੋਂ ਵਾਪਸ ਆਉਂਦੇ ਹੀ ਮਨੂ ਨੇ ਸਿਲਾਈ ਮਸ਼ੀਨ ਚਲਾ ਰਹੀ ਆਪਣੀ ਮੰਮੀ ਨੂੰ ਕਿਹਾ।

– ਕਿਉਂ, ਕੀ ਹੋਇਆ ਬੇਟਾ? ਕੀ ਟੀਚਰ ਨੇ ਝਿੜਕਿਆ ਹੈ? – ਸਿਲਾਈ ਮਸ਼ੀਨ ਰੋਕ ਕੇ ਮੰਮੀ ਨੇ ਮਨੂ ਦੇ ਸਿਰ ਤੇ ਪਿਆਰ ਨਾਲ ਹੱਥ ਫੇਰਦੇ ਹੋਏ ਕਿਹਾ।

– ਨਹੀਂ, ਮੰਮੀ! ਟੀਚਰ ਤਾਂ ਕੁਝ ਨਹੀਂ ਕਹਿੰਦੇ। ਪਰ ਸਾਰੀ ਜਮਾਤ ਦੇ ਬੱਚੇ ਮੈਨੂੰ ਚਿੜਾਉਂਦੇ ਹਨ। ਮੈਨੂੰ ਬਦਸੂਰਤ ਕਹਿੰਦੇ ਹਨ। ਮੇਰੇ ਕੋਲ ਨਾ ਚੰਗੇ ਕਪੜੇ ਹਨ ਅਤੇ ਨਾ ਹੀ ਜੁੱਤੇ। ਸਾਰੇ ਲੜਕੇ-ਲੜਕੀਆਂ ਵਧੀਆ ਕਪੜੇ ਪਾ ਕੇ ਆਉਂਦੇ ਹਨ। 'ਇੰਟਰਵਲ' ਵਿੱਚ ਚਾਕਲੇਟ, ਬਿਸਕੁਟ ਅਤੇ ਟਾਫੀਆਂ ਮੈਨੂੰ ਵਿਖਾ-ਵਿਖਾ ਕੇ ਖਾਂਦੇ ਹਨ। ਮੇਰੇ ਨਾਲ ਕੋਈ ਖੇਡਣਾ ਨਹੀਂ ਚਾਹੁੰਦਾ। ਮੰਮੀ ਹੁਣ ਮੈਂ ਘਰ ਹੀ ਰਿਹਾ ਕਰਾਂਗਾ। ਘਰ ਦੇ ਕੰਮ ਵਿੱਚ ਆਪ ਦਾ ਹੱਥ ਵਟਾ ਦਿਆ ਕਰਾਂਗਾ।– ਮਨੂ ਨੇ ਰੋਂਦੇ ਹੋਏ ਪੂਰੀ ਵਿਥਿਆ ਆਪਣੀ ਮੰਮੀ ਨੂੰ ਸੁਣਾ ਦਿੱਤੀ।

ਮਨੂ ਦੀਆਂ ਗੱਲਾਂ ਸੁਣ ਕੇ ਮੰਮੀ ਦਾ ਦਿਲ ਭਰ ਆਇਆ। ਉਹ ਕਹਿਣ ਲੱਗੀ- ਬੇਟਾ, ਅਸੀਂ ਗਰੀਬ ਜ਼ਰੂਰ ਹਾਂ ਲੇਕਿਨ ਕਿਸੇ ਦੇ ਅਗੇ ਹੱਥ ਨਹੀਂ ਫੈਲਾਉਂਦੇ। ਕੀਮਤੀ ਕਪੜਿਆਂ ਨਾਲ ਕੋਈ ਸੁੰਦਰ ਨਹੀਂ ਹੁੰਦਾ, ਅਸਲੀ ਸੁੰਦਰਤਾ ਤਾਂ ਚੰਗੇ ਗੁਣਾਂ ਅਤੇ ਯੋਗਤਾ ਨਾਲ ਹੁੰਦੀ ਹੈ।

ਥੋੜਾ ਰੁਕ ਕੇ ਉਹ ਫਿਰ ਕਹਿਣ ਲੱਗੀ – ਬੇਟਾ ਮੈਂ ਚਾਹੁੰਦੀ ਹਾਂ ਕਿ ਤੂੰ ਖੂਬ ਮਨ ਲਗਾ ਕੇ ਪੜ ਅਤੇ ਕਲਾਸ ਵਿੱਚ ਫਸਟ ਆ। ਫਿਰ ਤੈਨੂੰ ਸਾਰੇ ਪਿਆਰ ਕਰਨਗੇ, ਤੈਨੂੰ ਸਾਰੇ ਮਾਣ ਦੇਣਗੇ। ਤੇਰੇ ਬਿਨਾ ਮੇਰਾ ਹੈ ਹੀ ਕੌਣ? ਤੂੰ ਸਕੂਲ ਨਹੀਂ ਜਾਏਗਾ ਤਾਂ ਮੇਰੇ ਸਾਰੇ ਸੁਪਨੇ ਚਕਨਾਚੂਰ ਹੋ ਜਾਣਗੇ ਮਨੂ ਬੇਟੇ। – ਕਹਿੰਦੇ-ਕਹਿੰਦੇ ਮੰਮੀ ਦੀਆਂ ਅੱਖਾਂ ਵਿਚੋਂ ਹੰਝੂ ਡਿੱਗ ਪਏ।

ਮਾਂ ਦੀਆਂ ਅੱਖਾਂ ਵਿੱਚ ਹੰਝੂ ਵੇਖ ਕੇ ਮਨੂ ਦੁਖੀ ਹੋ ਕੇ ਬੋਲਿਆ– ਮੰਮੀ, ਮੈਨੂੰ ਮਾਫ਼ ਕਰ ਦਿਉ, ਮੈਂ ਰੋਜ ਸਕੂਲ ਜਾਵਾਂਗਾ ਅਤੇ ਖੂਬ ਪੜਾਂਗਾ। ਤੁਹਾਡਾ ਸੁਪਨਾ ਸੱਚ ਹੋਏਗਾ ਮੰਮੀ।





ਚੁਪਚਾਪ ਬੈਠੀ ਸੀ।

ਤਦੇ ਅਚਾਨਕ ਹਾਲ ਵਿੱਚ ਜਿਲਾ ਨਿਰੀਕਸ਼ਕ ਦਾ ਪ੍ਰਵੇਸ਼ ਹੋਇਆ। ਮੁਖ ਮਹਿਮਾਨ ਦੀ ਕੁਰਸੀ ਤੇ

ਹੁਣ ਮਨੂ ਰੋਜ਼ਾਨਾ ਖੁਸ਼ੀ-ਖੁਸ਼ੀ ਸਕੂਲ ਜਾਣ ਲੱਗਾ। ਆਪਣੇ ਸਾਥੀਆਂ ਦੇ ਚਿੜਾਉਣ ਦਾ ਉਸ ਤੇ ਕੋਈ ਅਸਰ ਨਹੀਂ ਹੁੰਦਾ ਸੀ। ਉਹ ਸਮੇਂ ਸਿਰ ਕੰਮ ਪੂਰਾ ਕਰ ਲਿਆ ਕਰਦਾ ਸੀ ਅਤੇ ਕਿਸੇ ਨਾ ਕਿਸੇ ਵਿਸ਼ੇ ਦਾ ਪ੍ਰਸ਼ਨ ਆਪਣੇ ਟੀਚਰ ਤੋਂ ਪੁੱਛਦਾ ਰਹਿੰਦਾ ਸੀ। ਟੀਚਰ ਵੀ ਉਸ ਦੀ ਲਗਨ ਅਤੇ ਮਿਹਨਤ ਨੂੰ ਵੇਖ ਕੇ ਉਹਨੂੰ ਦੱਸਣ ਵਿੱਚ ਰੁਚੀ ਲੈਣ ਲੱਗੇ ਸਨ।

ਸਿੱਟੇ ਵਜੋਂ ਟੈਸਟਾਂ ਵਿਚੋਂ ਪੂਰੀ ਕਲਾਸ ਵਿਚੋਂ ਜ਼ਿਆਦਾ ਅੰਕ ਮਨੂ ਨੇ ਹੀ ਪ੍ਰਾਪਤ ਕੀਤੇ।

ਅੱਠਵੀਂ ਦੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਇਆ। ਮਨੂ ਨੇ ਪੂਰੇ ਜਿਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅਖਬਾਰਾਂ ਵਿੱਚ ਮਨੂ ਦਾ ਫੋਟੋ ਅਤੇ ਸੰਖੇਪ ਜਾਣ-ਪਛਾਣ ਛਪੀ। ਜ਼ਿਲਾ ਸਕੂਲ ਨਿਰੀਕਸ਼ਕ ਨੇ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ- ਵਿਦਿਆਰਥਣਾਂ ਨੂੰ ਪੁਰਸਕਾਰਿਤ ਕਰਨ ਦੀ ਘੋਸ਼ਣਾ ਕੀਤੀ ਸੀ।

ਅੱਜ ਮਨੂ ਦੇ ਸਕੂਲ ਵਿੱਚ ਖੂਬ ਸਜਾਵਟ ਹੋ ਰਹੀ ਸੀ। ਅਧਿਆਪਕ-ਅਧਿਆਪਕਾਵਾਂ ਸਮਾਰੋਹ ਦੀ ਵਿਵਸਥਾ ਵਿਚ ਲਗੇ ਹੋਏ ਸਨ। ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਬੁਲਾਇਆ ਗਿਆ ਸੀ। ਸਾਰੇ ਵਿਦਿਆਰਥੀ ਸਕੂਲ ਦੇ ਹਾਲ ਵਿੱਚ ਪਹੁੰਚੇ ਹੋਏ ਸਨ। ਮੰਚ ਦੇ ਇਕ ਪਾਸੇ ਸੱਜੀਆਂ ਹੋਈਆਂ ਕੁਰਸੀਆਂ ਤੇ ਮਹਿਮਾਨ ਬੈਠ ਚੁੱਕੇ ਸਨ। ਉਹਨਾਂ ਵਿੱਚ ਮਨੂ ਦੀ ਮੰਮੀ

ਬੈਠਦੇ ਹੋਏ ਜਿਲਾ ਨਿਰੀਕਸ਼ਕ ਨੇ ਹੱਥ ਜੋੜ ਕੇ ਸਾਰਿਆਂ ਦਾ ਧੰਨਵਾਦ ਕੀਤਾ। ਹਾਰ ਪਾਉਣ ਅਤੇ ਸਮੂਹਗਾਨ ਦੇ ਬਾਅਦ ਪਹਿਲੇ ਸਥਾਨ ਤੇ ਆਏ ਵਿਦਿਆਰਥੀ-ਵਿਦਿਆਰਥਣਾਂ ਨੂੰ ਮੰਚ ਤੇ ਬੁਲਾਇਆ ਗਿਆ। ਉਨ੍ਹਾਂ ਵਿੱਚ ਮਨੂ ਵੀ ਸੀ ਜੋ ਆਪਣੇ ਸਕੂਲ ਦਾ ਪ੍ਰਤੀਨਿਧੀਤਵ ਕਰ ਰਿਹਾ ਸੀ। ਪਹਿਲੇ ਸਥਾਨ ਤੇ ਆਏ ਮਨੂ ਦੀ ਜਾਣ-ਪਛਾਣ ਮੁਖ ਮਹਿਮਾਨ ਨਾਲ ਕਰਾਈ ਗਈ।

ਮੁਖ ਮਹਿਮਾਨ ਨੇ ਕੁਰਸੀ ਤੋਂ ਉਠ ਕੇ ਮਨੂ ਦੇ ਸਿਰ ਤੇ ਹੱਥ ਫੇਰਦੇ ਹੋਏ ਕਿਹਾ – ਕਿੰਨਾ ਸੁੰਦਰ ਲੜਕਾ ਹੈ। ਅਗੇ ਵੀ ਖੂਬ ਮਨ ਲਗਾ ਕੇ ਪੜਨਾ।

ਉਸ ਦੇ ਬਾਅਦ ਮਨੂ ਨੂੰ ਪ੍ਰਮਾਣਪੱਤਰ ਅਤੇ ਅਗਲੀ ਕਲਾਸ ਦੀਆਂ ਪੂਰੀਆਂ ਕਿਤਾਬਾਂ ਪੁਰਸਕਾਰ ਵਿੱਚ ਦਿੱਤੀਆਂ ਗਈਆਂ। ਸਾਰੇ ਵਿਦਿਆਰਥੀਆਂ ਅਤੇ ਮੌਜੂਦ ਲੋਕਾਂ ਨੇ ਤਾੜੀਆਂ ਮਾਰ ਕੇ ਮਨੂ ਦਾ ਸੁਆਗਤ ਕੀਤਾ। ਖੁਸ਼ੀ-ਖੁਸ਼ੀ ਸਮਾਰੋਹ ਸੰਪੰਨ ਹੋਇਆ।

ਪੁਰਸਕਾਰ ਦੀਆਂ ਚੀਜ਼ਾਂ ਮਾਂ ਨੂੰ ਦਿੰਦੇ ਹੋਏ ਮਨੂ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਛਲਕ ਆਏ। ਉਸ ਦੀ ਮਾਂ ਨੇ ਮਨੂ ਨੂੰ ਬਾਂਹਾਂ ਵਿੱਚ ਭਰ ਕੇ ਚੁੰਮਦੇ ਹੋਏ ਕਿਹਾ– ਮੇਰਾ ਸੁਪਨਾ ਕਦੇ ਚਕਨਾਚੂਰ ਨਹੀਂ ਹੋਵੇਗਾ ਬੇਟਾ।

ਬਾਲ-ਕਵਿਤਾ - ਅਸ਼ੋਕ ਬ੍ਰਾਹਮਣਮਾਜਰਾ


# ਗਰਮੀ ਦੀ ਰੁੱਤ

ਗਰਮੀ ਦੀ ਆ ਗਈ ਰੁੱਤ,
ਭਖਦੀ ਦੇਖੋ ਤਿਖੱੜ ਧੁੱਪ।
ਪੰਛੀ ਪਰਿੰਦੇ ਨੇ ਕੁਰਲਾਉਂਦੇ,
ਲੁੱਕ ਗਏ ਕਿਧਰੇ ਨਜ਼ਰ ਨਾ ਆਉਂਦੇ।।

ਠੰਡੀ ਲੱਗੇ ਰੁੱਖਾਂ ਦੀ ਛਾਂ,
ਸੀਨਾ ਠਾਰ ਦਿੰਦੀ ਏ ਥਾਂ।
ਕੂਲਰ, ਪੱਖੇ, ਏ.ਸੀ ਨੇ ਚੱਲੇ,
ਜੇਠ ਹਾੜ ਦੇਵੇ ਪੜਥੱਲੇ।।

ਸਕੂਲੀ ਬੱਚਿਆਂ ਨੂੰ ਚੜਿਆ ਚਾਅ,
ਗਰਮੀ ਦੀਆਂ ਛੁੱਟੀਆਂ ਲਈਆਂ ਮੁਕਾ।
ਅੰਬ ਖਰਬੂਜਾ ਖਾਈਏ ਸੰਤਰਾ,
ਲਾਲ ਟਮਾਟਰ ਤਰਾਂ ਤੇ ਖੀਰਾ।।

ਕੁਲਫੀ ਆਈਸਕ੍ਰੀਮ ਤੇ ਠੰਡੇ,
ਦੋਸਤ ਕੋਲੋਂ ਪ੍ਰਿੰਸ ਨੇ ਮੰਗੇ।
'ਅਸ਼ੋਕ' ਛੁੱਟੀਆਂ ਇੰਝ ਬਿਤਾਈਏ,
ਠੰਡੇ-ਠੰਡੇ ਪਾਣੀ ਨਾਲ ਨਹਾਈਏ।।





# ਰੰਗ ਭਰੋ



ਨਾਂ .......................................................................ਉਮਰ..........

ਪੂਰਾ ਪਤਾ...................................................................................

...............................................................................................

...............................................................................................

# ਅਪ੍ਰੈਲ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਨਿਤਿਨ ਕੰਡਾ (ਉਮਰ 14 ਸਾਲ)
ਪਿੰਡ ਤੇ ਡਾਕਖਾਨਾ - ਤਲਵੰਡੀ ਭਾਈ
ਜਿਲਾ : ਫਿਰੋਜਪੁਰ (ਪੰਜਾਬ)

**ਦੂਸਰਾ ਨੰ :**

ਕਿਰਨਦੀਪ (ਉਮਰ 12 ਸਾਲ)
ਗਲੀ ਨੰ. 7,
ਲੁਧਿਆਣਾ (ਪੰਜਾਬ)

**ਤੀਸਰਾ ਨੰ :**

ਅੰਨਿਨਿਆ ਗਰਗ (ਉਮਰ 8 ਸਾਲ)
ਹੋਲੀ ਮਿਸ਼ਨ ਇੰਟਰਨੈਸ਼ਨਲ ਸਕੂਲ
ਲਹਿਰਾਗਾਗਾ (ਪੰਜਾਬ)

## ਪਸੰਦ ਕੀਤੇ ਗਏ –

ਵਿਧਿਤ ਬਜਾਜ (ਖੁਸ਼ਹਾਲ ਪੁਰ),
ਗੁਰਲੀਨ ਕੌਰ (ਡੱਫਰ),
ਯਸ਼ਿਕਾ ਭੋਲਾ (ਡੇਰਾ ਬਾਬਾ ਨਾਨਕ),
ਸਰਬਜੀਤ ਕੌਰ (ਜਗਰਾਉ),
ਏਕਤਾ (ਹਰੀਕੇ ਪਤਨ),
ਖੁਸ਼ਵੰਤ (ਬਰਨਾਲਾ),
ਪ੍ਰੇਰਨਾ (ਬੇਦੀ ਨਗਰ),
ਹੈਵਨ-ਸੁਮਨ (ਫਗਵਾੜਾ),
ਵੰਸ਼ਿਕਾ (ਬੁਢਲਾਡਾ),
ਨਿਮਰਤਾ (ਬੁਢਲਾਡਾ),
ਜਸਨੂਰਪ੍ਰੀਤ (ਜਗਰਾਉਂ),
ਗੁਰਵਿੰਦਰ (ਜੀਰਾ),
ਸ਼ੁਭਮ (ਪੁਰਹੀਰਾ)
ਗੁਰਪ੍ਰੀਤ (ਗਿੱਦੜਬਾਹਾ),
ਸਹਿਜਪ੍ਰੀਤ (ਅੰਮ੍ਰਿਤਸਰ),
ਸਿਮਰਨ ਕੌਰ (ਧਰਮਪੁਰ),
ਸੁਖਪ੍ਰੀਤ ਸਿੰਘ (ਮਾਨਸਾ),




## ਜੂਨ ਅੰਕ ਦੀ
## ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ **25 ਜੂਨ 2019** ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ **ਅਗਸਤ 2019** ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



ਬੋਧ ਕਥਾ : ਕਮਲ ਸੌਗਾਨੀ

# ਪਰਉਪਕਾਰ ਦੀ ਭਾਵਨਾ

ਹਰੇ-ਭਰੇ ਜੰਗਲ ਦੇ ਰਾਹ ਦੇ ਇਕ ਪਾਸੇ ਕਿਸੇ ਗਰੀਬ ਵਿਅਕਤੀ ਨੇ ਘਾਹ-ਫੂਸ ਨਾਲ ਆਪਣੀ ਛੋਟੀ ਜਿਹੀ ਝੌਂਪੜੀ ਬਣਾਈ। ਝੌਂਪੜੀ ਐਨੀ ਛੋਟੀ ਸੀ ਕਿ ਉਸ ਵਿੱਚ ਕੇਵਲ ਇਕ ਹੀ ਵਿਅਕਤੀ ਰਹਿ ਸਕਦਾ ਸੀ। ਇਕ ਦਿਨ ਵਰਖਾ ਸ਼ੁਰੂ ਹੋਈ ਅਤੇ ਮੂਸਲਾਧਾਰ ਪਾਣੀ ਪੈਣ ਲੱਗਾ। ਝੌਂਪੜੀ ਦਾ ਮਾਲਿਕ ਅੰਦਰ ਬੈਠਾ ਸੀ। ਅਚਾਨਕ ਉਸ ਨੇ ਵੇਖਿਆ ਕਿ ਪਾਣੀ ਨਾਲ ਭਿੱਜ ਜਾਣ ਦੇ ਕਾਰਣ ਇਕ ਵਿਅਕਤੀ ਦੌੜਦਾ ਹੋਇਆ ਆਇਆ ਅਤੇ ਝੌਂਪੜੀ ਦੇ ਦੁਆਰ ਨਾਲ ਲਗ ਕੇ ਖੜਾ ਹੋ ਗਿਆ। ਠੰਡ ਦੇ ਕਾਰਣ ਉਹ ਬੁਰੀ ਤਰ੍ਹਾਂ ਨਾਲ ਠਿਠੁਰ ਵੀ ਰਿਹਾ ਸੀ।

ਅੰਦਰ ਬੈਠਾ ਹੋਇਆ ਵਿਅਕਤੀ ਤੁਰੰਤ ਬਾਹਰ ਆਇਆ ਅਤੇ ਬੋਲਿਆ- ''ਭਾਈ! ਤੁਰੰਤ ਅੰਦਰ ਆ ਜਾਉ। ਆਪਣੇ ਪਾਣੀ ਨਾਲ ਭਿੱਜੇ ਵਸਤਰ ਖੋਲ੍ਹ ਕੇ ਮੇਰੇ ਸੁੱਕੇ ਕਪੜੇ ਪਾ ਲਉ ਅਤੇ ਜਦ ਤਕ ਵਰਖਾ ਨਾ ਰੁਕੇ ਇਥੇ ਬੈਠੋ। ਭਾਵੇਂ ਝੌਂਪੜੀ ਛੋਟੀ ਹੈ, ਦੋ ਵਿਅਕਤੀਆਂ ਦੇ ਪੈਰ ਪਸਾਰ ਕੇ ਬੈਠਣ ਅਤੇ ਸੌਣ ਦੇ ਲਾਇਕ ਨਹੀਂ ਹੈ ਪ੍ਰੰਤੂ ਅਸੀਂ ਦੋਵੇਂ ਇਸੇ ਵਿੱਚ ਸਿਕੁੜ -ਸਿਕੁੜ ਕੇ ਬੈਠ, ਜਾਵਾਂਗੇ ਅਤੇ ਵਰਖਾ ਦਾ ਇਹ ਕਠਿਨ ਸਮਾਂ ਬਤੀਤ ਕਰਾਂਗੇ...।''

ਪਿਆਰੇ ਬੱਚਿਓ! ਹਰ ਵਿਅਕਤੀ ਨੂੰ ਅਜਿਹਾ ਹੀ ਹੋਣਾ ਚਾਹੀਦਾ ਹੈ। ਅਗਰ ਉਸ ਵਿਅਕਤੀ ਦੇ ਹਿਰਦੇ ਵਿੱਚ ਹਮਦਰਦੀ ਅਤੇ ਪਰਉਪਕਾਰ ਦੀ ਭਾਵਨਾ ਨਾ ਹੁੰਦੀ ਤਾਂ ਖੁਦ ਸਥਾਨ ਦੀ ਤੰਗੀ ਕਾਰਣ ਉਸ ਕਸ਼ਟ ਉਠਾ ਕੇ ਆਉਣ ਵਾਲੇ ਨੂੰ ਸਥਾਨ ਨਾ ਦਿੰਦਾ। ਕਹਿ ਦਿੰਦਾ - 'ਜਗ੍ਹਾ ਨਹੀਂ ਹੈ।' ਪਰਉਪਕਾਰੀ ਵਿਅਕਤੀ ਅਜਿਹਾ ਨਹੀਂ ਕਰਦਾ। ਦੀਨ-ਦੁਖੀਆਂ ਦੀ ਸਹਾਇਤਾ ਕਰਨਾ, ਹਰ ਜਰੂਰਤ ਨੂੰ ਪੂਰੀ ਕਰਨਾ ਉਹ ਆਪਣਾ ਫਰਜ਼ ਸਮਝਦਾ ਹੈ ਅਤੇ ਉਹ ਪੁੰਨ ਦਾ ਭਾਗੀਦਾਰ ਬਣਦਾ ਹੈ.....।



❒ ਕੇ. ਜੇ. ਐਡਵੋਕੇਟ

## ਦਵਾਈ ਵੀ ਹੈ ਸਵਾਦ ਅਤੇ ਸੁਗੰਧ ਨਾਲ ਭਰਿਆ

# ਹਰਾ ਧਨੀਆ

ਹਰੇ ਧਨੀਏ ਦਾ ਇਸਤੇਮਾਲ ਅਕਸਰ ਭੋਜਨ ਅਤੇ ਸਬਜੀਆਂ ਦਾ ਸਵਾਦ ਅਤੇ ਖੁਸ਼ਬੂ ਵਧਾਉਣ ਲਈ ਕੀਤਾ ਜਾਂਦਾ ਹੈ। ਹਰੇ ਧਨੀਏ ਦੀ ਚਟਨੀ ਵੀ ਇਕ ਹਰਮਨ ਪਿਆਰਾ ਪਦਾਰਥ ਹੈ। ਇਹ ਸਹੀ ਹੈ ਕਿ ਹਰੇ ਧਨੀਏ ਦੇ ਇਸਤੇਮਾਲ ਨਾਲ ਭੋਜਨ ਦੀ ਖੂਬਸੂਰਤੀ ਅਤੇ ਸਵਾਦ ਵਧਦਾ ਹੈ, ਲੇਕਿਨ ਅਜਿਹਾ ਨਹੀਂ ਹੈ ਕਿ ਇਹਨੂੰ ਮਾਤਰ ਸਵਾਦ ਜਾਂ ਸਜਾਵਟ ਦੀ ਵਸਤੂ ਮੰਨਿਆ ਜਾਏ।

ਅਸਲ ਵਿੱਚ ਹਰਾ ਧਨੀਆ ਬਹੁਤ ਸਾਰੇ ਪੋਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ। ਵਿਟਾਮਿਨ 'ਏ' ਦਾ ਤਾਂ ਇਹ ਇਕ ਤਰ੍ਹਾਂ ਨਾਲ ਖਜਾਨਾ ਹੀ ਹੈ, ਜਿਸ ਦੇ ਕਾਰਣ ਨੇਤਰ-ਰੋਗਾਂ ਅਤੇ ਦ੍ਰਿਸ਼ਟੀ ਦੋਸ਼ ਸਬੰਧੀ ਰੋਗਾਂ ਵਿੱਚ ਇਹ ਬਹੁਤ ਉਪਯੋਗੀ ਹੈ। ਆਧੁਨਿਕ ਵਿਗਿਆਨਕ ਖੋਜਾਂ ਤਾਂ ਇਥੋਂ ਤਕ ਕਹਿੰਦੀਆਂ ਹਨ ਕਿ ਕੱਚੇ ਹਰੇ ਧਨੀਏ ਦੇ ਇਸਤੇਮਾਲ ਨਾਲ ਸਰੀਰ ਵਿਚੋਂ ਕੈਂਸਰ ਵਰਗੇ ਰੋਗ ਦੇ ਵਿਰੁੱਧ ਪ੍ਰਤੀਰੋਧਕ ਸ਼ਕਤੀ ਵਧਦੀ ਹੈ।

ਹਰਾ ਧਨੀਆ ਲਾਭਦਾਇਕ ਅਤੇ ਪੋਸ਼ਕ ਤੱਤਾਂ ਨਾਲ ਭਰਪੂਰ ਹੈ। ਵਿਟਾਮਿਨ 'ਏ' ਦੇ ਇਲਾਵਾ ਇਸ ਵਿੱਚ ਵਿਟਾਮਿਨ 'ਬੀ-ਕੰਪਲੈਕਸ' ਅਤੇ 'ਸੀ' ਵੀ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ। ਪ੍ਰਤੀ ਸੌ ਗ੍ਰਾਮ ਹਰੇ ਧਨੀਏ ਵਿੱਚ ਹੇਠ ਲਿਖੇ ਤੱਤ ਮੌਜੂਦ ਰਹਿੰਦੇ ਹਨ - ਪ੍ਰੋਟੀਨ - 14.1 ਗ੍ਰਾਮ, ਵਸਾ - 26.1ਗ੍ਰਾਮ, ਕੈਲਸ਼ੀਅਮ - 4.4 ਗ੍ਰਾਮ, ਕਾਰਬੋਹਾਈਡ੍ਰੇਟ- 21.6 ਗ੍ਰਾਮ, ਫਾਸਫੋਰਸ- 0.37 ਗ੍ਰਾਮ, ਨਮੀ-11.2 ਗ੍ਰਾਮ, ਲੋਹ ਤੱਤ - 0.17 ਗ੍ਰਾਮ। ਇਸਦੇ ਇਲਾਵਾ ਪ੍ਰਤੀ ਸੌ ਗ੍ਰਾਮ ਧਨੀਏ ਤੋਂ 44 ਕੈਲੋਰੀ ਊਰਜਾ ਪ੍ਰਾਪਤ ਹੁੰਦੀ ਹੈ।

ਹਰੇ ਧਨੀਏ ਨੂੰ ਹਮੇਸ਼ਾਂ ਕੱਚਾ ਹੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ। ਧਨੀਏ ਦੀਆਂ ਪੱਤੀਆਂ ਨੂੰ ਸਬਜੀਆਂ ਦੇ ਨਾਲ ਪਕਾ ਦੇਣ ਨਾਲ ਕਈ ਪੋਸ਼ਕ ਤੱਤ ਨਸ਼ਟ ਹੋ ਜਾਂਦੇ ਹਨ। ਹਰਾ ਧਨੀਆਂ ਕੱਚਾ ਹੀ ਉਪਰੋਂ ਸਬਜ਼ੀਆਂ ਵਿੱਚ ਪਾਉਣਾ ਚਾਹੀਦਾ ਹੈ ਜਾਂ ਉਸਦੀ ਚਟਨੀ ਬਣਾ ਕੇ ਇਸਤੇਮਾਲ ਕੀਤਾ ਜਾਏ।

ਹਰਾ ਧਨੀਆ ਲਗਭਗ ਪੂਰੇ ਸਾਲ ਬਾਜ਼ਾਰ ਵਿੱਚ ਮੌਜੂਦ ਰਹਿੰਦਾ ਹੈ। ਧਨੀਆ ਮੂਲ ਰੂਪ ਵਿੱਚ ਭੂਮੱਧ ਸਾਗਰੀ ਪ੍ਰਦੇਸ਼ਾਂ ਦਾ ਆਦਿਵਾਸੀ ਪੌਦਾ ਹੈ। ਏਸ਼ੀਆ ਮਾਈਨਰ, ਮਧਯੂਰਪ, ਰੂਸ, ਭਾਰਤ ਆਦਿ ਦੇਸ਼ਾਂ ਵਿੱਚ ਇਸਦੀ ਖੇਤੀ ਕੀਤੀ ਜਾਂਦੀ ਹੈ। ਧਨੀਏ ਦੇ ਪੌਦੇ ਦੀ ਉਚਾਈ ਇਕ ਤੋਂ ਢਾਈ ਫੁੱਟ ਤਕ ਹੁੰਦੀ ਹੈ। ਸਰਦੀਆਂ ਦੇ ਦੌਰਾਨ ਇਹ ਪੌਦਾ ਹਰੀਆਂ ਪੱਤੀਆਂ ਨਾਲ ਭਰਪੂਰ ਰਹਿੰਦਾ ਹੈ। ਬਸੰਤ ਰੁੱਤ ਦੇ ਆਗਮਨ ਦੇ ਨਾਲ ਹੀ ਇਸ ਵਿੱਚ ਸਫੈਦ ਅਤੇ ਨੀਲੇ ਰੰਗ ਦੇ ਫੁੱਲ ਆਉਣ ਲੱਗਦੇ ਹਨ। ਇਸਦੇ ਬਾਦ ਧਨੀਏ ਵਿੱਚ ਫਲ ਆਉਂਦੇ ਹਨ,

ਇਹ ਗੋਲਾਕਾਰ ਹਰੇ ਅਤੇ ਪੀਲੇ ਰੰਗ ਦੇ ਧਾਰੀਦਾਰ ਹੁੰਦੇ ਹਨ। ਸੁੱਕਣ ਤੇ ਧਨੀਏ ਦੇ ਇਨ੍ਹਾਂ ਫਲਾਂ ਦਾ ਇਸਤੇਮਾਲ ਮਸਾਲੇ ਦੇ ਰੂਪ ਵਿੱਚ ਕੀਤਾ ਜਾਂਦਾ ਹੈ।

ਉਂਝ ਤਾਂ ਹਰਾ ਧਨੀਆ ਸਦਾ ਬਾਜ਼ਾਰ ਵਿੱਚ ਮੌਜੂਦ ਰਹਿੰਦਾ ਹੈ, ਲੇਕਿਨ ਅਗਰ ਆਪ ਚਾਹੋ ਤਾਂ ਆਪਣੇ ਨਿਜੀ ਉਪਯੋਗ ਦੇ ਲਈ ਘਰ ਜਾਂ ਵਿਹੜੇ ਵਿੱਚ ਹੀ ਗਮਲੇ ਜਾਂ ਛੋਟੀਆਂ ਕਿਆਰੀਆਂ ਵਿੱਚ ਹਰਾ ਧਨੀਆਂ ਉਗਾ ਸਕਦੇ ਹੋ। ਇਸ ਨਾਲ ਆਪ ਜਦ ਵੀ ਚਾਹੇ ਤਾਜਾ ਹਰਾ ਧਨੀਆ ਪ੍ਰਾਪਤ ਕਰ ਸਕਦੇ ਹੋ।

ਆਪ ਇਹ ਨਾ ਸਮਝੋ ਕਿ ਹਰੇ ਧਨੀਏ ਦਾ ਇਸਤੇਮਾਲ ਕੇਵਲ ਭੋਜਨ ਦੀ ਮਹਿਕ ਵਧਾਉਣ ਜਾਂ ਸਵਾਦਿਸ਼ਟ ਚਟਨੀ ਬਣਾਉਣ ਤਕ ਹੀ ਸੀਮਿਤ ਹੈ। ਇਸ ਦੀਆਂ ਛੋਟੀਆਂ-ਛੋਟੀਆਂ ਮਹਿਕਦੀਆਂ ਹਰੀਆਂ ਪੱਤੀਆਂ ਵਿੱਚ ਕਈ ਦਵਾਈ ਦੇ ਗੁਣ ਲੁਕੇ ਹੁੰਦੇ ਹਨ ਬਲਕਿ ਇਹ ਕਹਿਣਾ ਚਾਹੀਦਾ ਹੈ ਕਿ ਹਰਾ ਧਨੀਆਂ ਆਪਣੇ ਆਪ ਵਿੱਚ ਛੋਟਾ-ਮੋਟਾ ਘਰੇਲੂ ਡਾਕਟਰ ਹੈ ਤਾਂ ਆਉ ਜਰਾ ਅਸੀਂ ਹਰੇ ਧਨੀਏ ਦੇ ਚਮਤਕਾਰੀ ਇਲਾਜਾਂ ਦੇ ਬਾਰੇ ਵਿੱਚ ਜਾਣੀਏ।

- ਅਨਿੰਦਰਾ ਦੀ ਸ਼ਿਕਾਇਤ ਹੋਣ ਤੇ ਹਰਾ ਧਨੀਆ ਪੀਸ ਕੇ ਉਸ ਵਿੱਚ ਸ਼ੱਕਰ ਅਤੇ ਪਾਣੀ ਮਿਲਾ ਕੇ ਨਿਯਮਤ ਰੂਪ ਨਾਲ ਇਸਤੇਮਾਲ ਕਰੋ। ਇਸ ਨਾਲ ਚੱਕਰ ਆਉਣਾ, ਅੱਖਾਂ ਦੇ ਅੱਗੇ ਹਨ੍ਹੇਰਾ ਆਉਣਾ ਅਤੇ ਸਿਰਦਰਦ ਵਿੱਚ ਵੀ ਰਾਹਤ ਮਿਲਦੀ ਹੈ।
- ਨਕਸੀਰ (ਨਾਕ ਵਿਚੋਂ ਖ਼ੂਨ ਆਉਣਾ) ਵਿੱਚ ਹਰਾ ਧਨੀਆ ਰਾਮਬਾਣ ਦਾ ਕੰਮ ਕਰਦਾ ਹੈ। ਧਨੀਏ ਦੀਆਂ ਪੱਤੀਆਂ ਪੀਸ ਕੇ ਸਿਰ ਤੇ ਮਲਣ ਅਤੇ ਧਨੀਏ ਦਾ ਰਸ ਸੁੰਘਣ ਨਾਲ ਨਕਸੀਰ ਰੁਕ ਜਾਂਦੀ ਹੈ। ਰਾਤ-ਭਰ ਧਨੀਏ ਨੂੰ ਪਾਣੀ ਵਿੱਚ ਭਿਉਂ ਕੇ ਸਵੇਰੇ ਮਿਸ਼ਰੀ ਦੇ ਨਾਲ ਇਸਤੇਮਾਲ ਕਰਨ ਨਾਲ ਵੀ ਨਕਸੀਰ ਵਿੱਚ ਲਾਭ ਪ੍ਰਾਪਤ ਹੁੰਦਾ ਹੈ।
- ਹਰੇ ਧਨੀਏ ਨੂੰ ਆਵਲੇ ਦੇ ਨਾਲ ਪੀਸ ਕੇ ਖਾਣ ਨਾਲ ਨੇਤਰ-ਜਿਉਤੀ ਵਿੱਚ ਵਾਧਾ ਹੁੰਦਾ ਹੈ।
- ਹਰਾ ਧਨੀਆ, ਕਾਲਾ ਨਮਕ ਅਤੇ ਕਾਲੀ ਮਿਰਚ ਨੂੰ ਮਿਲਾ ਕੇ ਚਟਨੀ ਬਣਾਈਏ। ਇਸਦੇ ਇਸਤੇਮਾਲ ਨਾਲ ਦਸਤ ਅਤੇ ਕਬਜ ਦੀ ਸ਼ਿਕਾਇਤ ਦੂਰ ਹੁੰਦੀ ਹੈ।
- ਮੱਧੂਮੱਖੀ ਦੇ ਕੱਟਣ ਤੇ ਹਰੇ ਧਨੀਏ ਦਾ ਰਸ ਅਤੇ ਸਿਰਕਾ ਮਿਲਾ ਕੇ ਕੱਟੇ ਹੋਏ ਸਥਾਨ ਤੇ ਲਗਾਉ। ਤੁਰੰਤ ਆਰਾਮ ਮਿਲੇਗਾ।
- ਮੂੰਹ ਵਿੱਚ ਛਾਲੇ ਹੋ ਜਾਣ ਤੇ ਹਰੇ ਧਨੀਏ ਦੀਆਂ ਪੱਤੀਆਂ ਨੂੰ ਸਾਫ਼ ਧੋ ਕੇ ਚਬਾਉ, ਇਸ ਨਾਲ ਛਾਲੇ ਛੇਤੀ ਠੀਕ ਹੋ ਜਾਂਦੇ ਹਨ। ਹਰੇ ਧਨੀਏ ਦੇ ਰਸ ਵਿੱਚ ਤਿੱਲੀ ਦਾ ਤੇਲ ਮਿਲਾ ਕੇ ਮਾਲਿਸ਼ ਕਰਨ ਨਾਲ ਸਿਰਦਰਦ, ਹੱਥ-ਪੈਰ ਦੀ ਜਲਨ, ਲੂ ਦੀ ਜਲਨ ਨਸ਼ਟ ਹੋ ਕੇ ਦਿਮਾਗ ਨੂੰ ਤਰਾਵਟ ਮਿਲਦੀ ਹੈ।
- ਧਨੀਏ ਦੀਆਂ ਪੱਤੀਆਂ ਦਾ ਲੇਪ ਕਰਨ ਨਾਲ ਫੋੜੇ ਦੀ ਸੂਜਨ ਘੱਟ ਹੋ ਜਾਂਦੀ ਹੈ। ਸਰੀਰ ਤੇ ਪਿੱਤ ਹੋਣ ਤੇ ਧਨੀਏ ਦੀਆਂ ਪੱਤੀਆਂ ਦੇ ਰਸ ਵਿੱਚ ਰੋਗ-ਗੁਲ ਅਤੇ ਸ਼ਹਿਦ ਮਿਲਾ ਕੇ ਲੇਪ ਕਰਨ ਨਾਲ ਲਾਭ ਹੁੰਦਾ ਹੈ।
- ਧਨੀਏ ਦੀ ਚਟਨੀ ਵੀ ਸਵਾਦਿਸ਼ਟ ਬਣਦੀ ਹੈ। ਵਜਨ ਵਧਣ ਦੀ ਸਮੱਸਿਆ ਨਾਲ ਪੀੜਤ ਵਿਅਕਤੀ ਟੋਸਟ ਜਾਂ ਡਬਲਰੋਟੀ ਤੇ ਮੱਖਣ ਦੇ ਸਥਾਨ ਤੇ ਧਨੀਏ ਦੀ ਚਟਨੀ ਦਾ ਇਸਤੇਮਾਲ ਕਰ ਸਕਦੇ ਹਾਂ।
- ਚਟਨੀ ਨੂੰ ਹੋਰ ਜ਼ਿਆਦਾ ਸਵਾਦਿਸ਼ਟ ਬਣਾਉਣ ਲਈ ਕਾਲਾ ਨਮਕ, ਕਾਲੀ ਮਿਰਚ, ਸੇਂਧਾ ਨਮਕ, ਨਿੰਬੂ ਦੇ ਰਸ ਆਦਿ ਦਾ ਵੀ ਉਪਯੋਗ ਕਰ ਸਕਦੇ ਹਾਂ। ਪ੍ਰੰਤੂ ਜੋ ਵਿਅਕਤੀ ਹਾਈਬਲੱਡ ਪ੍ਰੈਸ਼ਰ ਨਾਲ ਪੀੜਤ ਹਨ, ਉਹ ਚਟਨੀ ਵਿੱਚ ਬਹੁਤ ਹੀ ਘੱਟ ਮਾਤਰਾ ਵਿੱਚ ਨਮਕ ਦਾ ਇਸਤੇਮਾਲ ਕਰੇ ਕਿਉਂਕਿ ਜ਼ਿਆਦਾ ਨਮਕ ਨਾਲ ਬਲੱਡਪ੍ਰੈਸ਼ਰ ਵੱਧਣ ਦਾ ਖਤਰਾ ਰਹਿੰਦਾ ਹੈ।

ਆਯੁਰਵੇਦ ਦੇ ਗ੍ਰੰਥਾਂ ਵਿੱਚ ਧਨੀਏ ਨੂੰ ਠੰਡਾ, ਕਸੈਲਾ, ਪਿੱਤਨਾਸ਼ਕ, ਸ਼ੂਲਨਾਸ਼ਕ, ਮਧੁਰ ਦੱਸਿਆ ਗਿਆ ਹੈ ਅਤੇ ਖੰਘ, ਬੁਖਾਰ, ਉਲਟੀ, ਪਿਆਸ, ਕਬਜ਼ ਵਰਗੇ ਰੋਗਾਂ ਦਾ ਨਾਸ਼ਕ ਕਿਹਾ ਗਿਆ ਹੈ। ਧਨੀਆਂ ਭੁੱਖ ਵਧਾਉਣ ਵਾਲਾ ਹੁੰਦਾ ਹੈ। ਸੌ ਗ੍ਰਾਮ ਧਨੀਏ ਦੀਆਂ ਪੱਤੀਆਂ ਦੇ ਰਸ ਨੂੰ ਸਬਜ਼ੀ ਵਿੱਚ ਮਿਲਾ ਕੇ ਖਾਣ ਨਾਲ ਸਰੀਰ ਨੂੰ ਹਰ ਪ੍ਰਕਾਰ ਦੇ ਵਿਟਾਮਿਨ ਪ੍ਰਾਪਤ ਹੋ ਜਾਂਦੇ ਹਨ। ■



# ਕਦੇ ਨਾ ਭੁੱਲੋ

- ਪਰਮਪਿਤਾ ਪ੍ਰਮਾਤਮਾ ਨੂੰ ਜਾਣ ਕੇ ਹੀ ਵਿਸ਼ਵ ਸ਼ਾਂਤੀ ਸੰਭਵ ਹੈ।
- ਜਦ ਮਨ ਨਿਰਮਲ ਹੋ ਗਿਆ ਤਾਂ ਜੀਵਨ ਵੀ ਨਿਰਮਲ ਹੋ ਜਾਏਗਾ।

– ਬਾਬਾ ਹਰਦੇਵ ਸਿੰਘ ਜੀ

- ਭੈਅ ਅਤੇ ਵੈਰ ਤੋਂ ਮੁਕਤੀ ਪਾਉਣੀ ਹੋਵੇ ਤਾਂ 'ਅਹਿੰਸਾ' ਜਾਂ 'ਪ੍ਰੇਮ' ਦਾ ਮਾਰਗ ਅਪਨਾਉਣਾ ਪਏਗਾ। ਇਸ ਦੇ ਸਿਵਾਏ ਦੂਸਰਾ ਕੋਈ ਮਾਰਗ ਹੋ ਹੀ ਨਹੀਂ ਸਕਦਾ।

– ਭਗਵਾਨ ਮਹਾਵੀਰ

- ਫੁੱਲ ਖਿੜਨ ਤੇ ਮਧੂਮੱਖੀਆਂ ਆਪਣੇ ਆਪ ਉਸਦੇ ਕੋਲ ਆ ਜਾਣਗੀਆਂ। ਚਰਿੱਤਰਵਾਨ ਬਣੋ ਜਗਤ ਆਪਣੇ ਆਪ ਮੁਗਧ ਹੋ ਜਾਏਗਾ।

– ਰਾਮਕ੍ਰਿਸ਼ਣ ਪਰਮਹੰਸ

- ਗੁਣ ਨਾ ਹੋਣ ਤਾਂ ਰੂਪ ਵਿਅਰਥ ਹੈ। ਨਿਮਰਤਾ ਨਾ ਹੋਵੇ ਤਾਂ ਵਿਦਿਆ ਵਿਅਰਥ ਹੈ, ਉਪਯੋਗ ਨਾ ਹੋਵੇ ਤਾਂ ਧਨ ਵਿਅਰਥ ਹੈ। ਭੁੱਖ ਨਾ ਹੋਵੇ ਤਾਂ ਭੋਜਨ ਵਿਅਰਥ ਹੈ, ਹੋਸ਼ ਨਾ ਹੋਵੇ ਤਾਂ ਜੋਸ਼ ਵਿਅਰਥ ਹੈ।
- ਧਰਮਰਹਿਤ ਵਿਗਿਆਨ ਲੰਗੜਾ ਹੈ ਅਤੇ ਵਿਗਿਆਨ ਰਹਿਤ ਧਰਮ ਅੰਨ੍ਹਾ।

– ਆਈਸਟੀਨ

- ਕੋਈ ਵੀ ਚੰਗਾ ਕੰਮ ਜਾਂ ਆਦਰਸ਼ ਕਦੇ ਨਹੀਂ ਮਿਟਦਾ। ਉਹ ਮਾਨਵ ਜਾਤੀ ਵਿੱਚ ਸਦਾ ਜੀਵਿਤ ਰਹਿੰਦਾ ਹੈ।

– ਪ੍ਰੇਮਚੰਦ

- ਜ਼ਿਆਦਾ ਕਹਿਣ ਨਾਲ ਰਸ ਨਹੀਂ ਰਹਿ ਜਾਂਦਾ, ਜਿਵੇਂ ਗੁੱਲਰ ਦੇ ਫਲ ਨੂੰ ਫੋੜਨ ਤੇ ਕੁਝ ਨਹੀਂ ਨਿਕਲਦਾ।

– ਤੁਲਸੀਦਾਸ

- ਉਠੋ, ਜਾਗੋ ਅਤੇ ਤਦ ਤਕ ਚਲਦੇ ਰਹੋ, ਜਦ ਤਕ ਮਕਸਦ ਪ੍ਰਾਪਤ ਨਾ ਕਰ ਲਓ।

– ਸਵਾਮੀ ਵਿਵੇਕਾਨੰਦ

- ਸਰਵੋਤਮ ਵਿਅਕਤੀ ਉਹ ਹੈ, ਜੋ ਤਰੱਕੀ ਲਈ ਸਰਵੋਤਮ ਮਿਹਨਤ ਕਰਦਾ ਹੈ।

– ਸੁਕਰਾਤ

- ਮਿੱਤਰ ਦਾ ਹਿਰਦਾ ਮਜ਼ਾਕ ਵਿੱਚ ਵੀ ਨਹੀਂ ਦੁਖਾਉਣਾ ਚਾਹੀਦਾ।

– ਸਾਈਰਸ

- ਉਚਾਈ ਦੇ ਪਹੁੰਚਣ ਦੇ ਬਾਅਦ ਬੱਦਲ ਬਣ ਕੇ ਭਲਾਈ ਲਈ ਵਰਸੋ।

– ਨਿਤਯਾਨੰਦ ਸਵਾਮੀ

❑ ਸੰਗ੍ਰਿਹ ਕਰਤਾ : ਜਗਤਾਰ 'ਚਮਨ'



ਕਵਿਤਾ - ਜਸਵਿੰਦਰ ਸ਼ਾਇਰ

# ਮਹਿਕਾਂ ਦੀ ਫੁੱਲਵਾੜੀ

ਅਸਾਂ ਲਾਈ ਏ ਮਹਿਕਾਂ ਦੀ ਫੁੱਲਵਾੜੀ।
ਇਸ ਚੋਂ ਮਿਲਦੀ ਸਾਨੂੰ ਖੁਸ਼ੀ ਨਿਆਰੀ।

ਇਸ ਵਿੱਚ ਫੁੱਲ ਨੇ ਰੰਗ-ਬਿਰੰਗੇ,
ਜਿਹੜੇ ਸਭਨਾਂ ਨੂੰ ਲੱਗਦੇ ਬੜੇ ਚੰਗੇ।

ਇਹਦੇ ਵਿਚ ਪਹਿਲਾ ਫੁੱਲ ਏ ਗੁਲਾਬ,
ਧਰਤੀ ਅਸਮਾਨ ਵੀ ਮੰਨੇ ਇਹਨੂੰ ਜਨਾਬ।

ਦੂਜਾ ਫੁੱਲ ਇਸ ਵਿਚ ਹੈ ਗੇਂਦਾ,
ਜਿਹੜਾ ਸਭਨਾਂ ਨੂੰ ਖੁਸ਼ਬੋ ਹੈ ਦਿੰਦਾ।

ਤੀਜਾ ਫੁੱਲ ਇਸ ਚ ਹੈ ਚਮੇਲੀ ਦਾ,
ਹੱਸਣਾ ਖੇਡਣਾ ਕੰਮ ਹੈ ਡੇਲੀ ਦਾ।

ਚੌਥਾ ਫੁੱਲ ਇਸ ਚ ਹੈ ਬੇਰੀ ਦਾ,
ਪੜੋ ਦੋਸਤੋ ਵੇਲਾ ਨਹੀ ਦੇਰੀ ਦਾ।

ਪੰਜਵਾਂ ਫੁੱਲ ਇਸ ਚ ਹੈ ਕਿੱਕਰ ਦਾ,
ਛੇਵਾਂ ਫੁੱਲ ਇਸ ਚ ਹੈ ਢੱਕ ਦਾ।

ਬੱਚਿਉ ਜਿਹੜਾ ਚਿੱਤ ਲਾ ਕੇ ਪੜਦਾ,
'ਸ਼ਾਇਰ' ਲਾਜ ਰੱਬ ਉਨ੍ਹਾਂ ਦੀ ਰੱਖਦਾ।



ਕਹਾਣੀ : ਸੁਕੀਰਤੀ

# ਸਵੇਰ ਦਾ ਭੁੱਲਿਆ

ਸ਼ਨੂੰ ਗਲਿਹਰੀ ਦਾ ਇੱਕ ਬੇਟਾ ਸੀ, ਚਿੰਕੀ। ਇਕ ਦਿਨ ਉਹ ਮਿਕੂ ਬਾਂਦਰ ਦੇ ਬਾਗ ਵਿੱਚ ਗਿਆ। ਉਥੇ ਲੱਗੇ ਅਨਾਰ ਦੇ ਰੁੱਖ ਤੇ ਜਾ ਬੈਠਾ ਅਤੇ ਮਿੱਠੇ-ਮਿੱਠੇ ਰਸ ਭਰੇ ਅਨਾਰ ਦੇ ਦਾਣੇ ਖਾਣ ਲੱਗਾ। ਤਦ ਉਸ ਦੀ ਨਜ਼ਰ ਟਹਿਣੀਆਂ ਦੇ ਵਿੱਚ ਲਟਕੇ ਇਕ ਆਲ੍ਹਣੇ ਤੇ ਪਈ। ''ਵਾਹ, ਕਿੰਨਾ ਸੁੰਦਰ ਆਲ੍ਹਣਾ ਹੈ। ਇਸ ਨੂੰ ਤਾਂ ਮੈਂ ਆਪਣੇ ਘਰ ਵਿੱਚ ਸਜਾਵਾਂਗਾ''। ਉਸ ਨੇ ਸੋਚਿਆ ਅਤੇ ਚੁਪਕੇ ਜਿਹੇ ਆਲ੍ਹਣੇ ਨੂੰ ਟਹਿਣੀ ਤੋਂ ਉਤਾਰ ਕੇ ਰਫੂਚੱਕਰ ਹੋ ਗਿਆ।

ਸੋਨ ਚਿੜਾ ਅਤੇ ਮਿਨੀ ਚਿੜੀ ਦੋਵੇਂ ਹੀ ਉਸ ਸਮੇਂ ਦਾਣਾ ਚੁਗਣ ਗਏ ਸੀ। ਜਦ ਉਹ ਥੱਕੇ ਹਾਰੇ ਵਾਪਸ ਆਏ ਤਾਂ ਰੁੱਖ ਤੇ ਆਲ੍ਹਣਾ ਨਾ ਵੇਖ ਕੇ ਚਿੰਤਾ ਵਿੱਚ ਡੁੱਬ ਗਏ। ਚਿੜੇ ਨੇ ਆਸਮਾਨ ਵੱਲ ਵੇਖਿਆ। ਸਾਰਾ ਆਕਾਸ਼ ਬੱਦਲਾਂ ਨਾਲ ਢੱਕਿਆ ਹੋਇਆ ਸੀ। ਕਿਸੇ ਵੀ ਸਮੇਂ ਵਰਖਾ ਸ਼ੁਰੂ ਹੋ ਸਕਦੀ ਸੀ। ਉਦਾਸ ਮਨ ਨਾਲ ਉਹ ਆਲ੍ਹਣੇ ਦੀ ਭਾਲ ਵਿੱਚ ਉਡੱ ਨਿਕਲੇ।

ਰਾਹ ਵਿੱਚ ਉਹਨਾਂ ਨੂੰ ਭੂਰਾ ਭਾਲੂ ਦਿਖਾਈ ਦਿੱਤਾ।

- ਭੂਰੇ, ਕੀ ਤੂੰ ਸਾਡਾ ਆਲ੍ਹਣਾ ਵੇਖਿਆ ਹੈ।- ਚਿੜੇ ਨੇ ਪੁੱਛਿਆ।

ਨਹੀਂ ਤਾਂ। ਐਨਾ ਕਹਿ ਕੇ ਭੂਰਾ ਵੀ ਉਹਨਾਂ ਦੇ ਨਾਲ ਆਲ੍ਹਣਾ ਲੱਭਣ ਚਲ ਪਿਆ। ਮਿਕੂ ਬਾਂਦਰ ਉਸ ਸਮੇਂ ਨਦੀ ਵਿਚੋਂ ਨਹਾ ਕੇ ਵਾਪਸ ਆ ਰਿਹਾ ਸੀ। ਜਦ ਉਸ ਨੇ ਚਿੜੇ ਦੀ ਗੱਲ ਸੁਣੀ ਤਾਂ ਉਹ ਵੀ ਉਹਨਾਂ ਦੇ ਨਾਲ ਹੀ ਚਲ ਪਿਆ। ਕੁਝ ਹੀ ਦੇਰ ਵਿੱਚ ਕਈ ਪਸ਼ੂ-ਪੰਛੀ ਚਿੜੇ ਦੇ ਨਾਲ ਆਲ੍ਹਣਾ ਲੱਭਣ ਚਲ ਪਏ। ਸ਼ਨੂੰ ਗਲਹਿਰੀ ਉਸ ਸਮੇਂ ਘਰ ਦੀ ਸਫ਼ਾਈ ਕਰ ਰਹੀ ਸੀ। ਉਸ ਦੇ ਘਰ ਦੇ ਸਾਹਮਣਿਉਂ ਨਿਕਲਦੇ ਹੋਏ ਭੂਰੇ ਨੇ ਉਸ ਤੋਂ ਵੀ ਚਿੜੇ ਦੇ ਆਲ੍ਹਣੇ ਬਾਰੇ ਪੁੱਛਿਆ ਤਾਂ ਸ਼ਨੂੰ ਨੂੰ ਇਕਦਮ ਚਿੰਕੀ ਦੇ ਕਮਰੇ ਵਿੱਚ ਲਟਕੇ ਆਲ੍ਹਣੇ ਦਾ ਧਿਆਨ ਆਇਆ। ਤਦ ਸਾਰਿਆਂ ਨੂੰ ਉਥੇ ਰੁਕੇ

ਰਹਿਣ ਲਈ ਕਹਿ ਕੇ ਉਹ ਅੰਦਰੋਂ ਆਲ੍ਹਣਾ ਉਠਾ ਲਿਆਈ। -ਕਿਤੇ ਇਹ ਆਲ੍ਹਣਾ ਤਾਂ ਨਹੀਂ। ਸ਼ਨੂੰ ਨੇ ਚਿੜੇ ਅਤੇ ਚਿੜੀ ਤੋਂ ਪੁੱਛਿਆ ਤਾਂ ਉਹ ਦੋਵੇਂ ਖੁਸ਼ੀ ਨਾਲ ਚਹਿਚਹਾ ਉਠੇ। ਉਹਨਾਂ ਨੂੰ ਖੁਸ਼ ਦੇਖ ਕੇ ਬਾਕੀ ਸਾਰੇ ਪਸ਼ੂ-ਪੰਛੀ ਵੀ ਖੁਸ਼ੀ ਨਾਲ ਬਾਗ ਵੱਲ ਚਲ ਪਏ। ਬਾਗ ਵਿੱਚ ਪਹੁੰਚਦੇ ਹੀ ਮਿਕੂ ਬਾਂਦਰ ਨੇ ਆਲ੍ਹਣੇ ਨੂੰ ਰੁੱਖ ਦੀ ਇਕ ਮਜ਼ਬੂਤ ਟਹਿਣੀ ਤੇ ਟਿਕਾ ਦਿੱਤਾ। ਤਦ ਮਿਕੂ ਦਾ ਧੰਨਵਾਦ ਕਰਕੇ ਦੋਵੇਂ ਆਪਣੇ ਆਲ੍ਹਣੇ ਵਿੱਚ ਗਏ ਅਤੇ ਸੁਖ ਦੀ ਸਾਹ ਲਈ। ਹੁਣ ਬਾਹਰ ਪਾਣੀ ਬਰਸਣ ਲੱਗਾ ਸੀ।

ਸ਼ਾਮ ਨੂੰ ਜਦ ਚਿੰਕੀ ਸਕੂਲ ਤੋਂ ਵਾਪਸ ਆਇਆ ਤਾਂ ਆਪਣੇ ਕਮਰੇ ਵਿੱਚ ਆਲ੍ਹਣਾ ਨਾ ਵੇਖ ਕੇ ਉਦਾਸ ਹੋ ਗਿਆ।

– ਮਾਂ, ਮੇਰਾ ਆਲ੍ਹਣਾ ਕਿਥੇ ਹੈ?

– ਵਾਹ, ਉਹ ਆਲ੍ਹਣਾ ਤੇਰਾ ਕਦੋਂ ਤੋ ਹੋ ਗਿਆ, ਉਹ ਤਾਂ ਸੋਨ ਚਿੜਾ ਅਤੇ ਚਿੜੀ ਦਾ ਸੀ, ਇਸ ਲਈ ਉਹ ਸਾਡੇ ਘਰ ਆਏ ਅਤੇ ਆਪਣਾ ਆਲ੍ਹਣਾ ਲੈ ਕੇ ਚਲੇ ਗਏ। -ਸ਼ਨੂੰ ਨੇ ਕਿਹਾ।

– ਪਰ ਮਾਂ ਮੈਂ ਉਸ ਆਲ੍ਹਣੇ ਵਿੱਚ ਆਪਣੇ ਜੇਬ ਖਰਚ ਵਿਚੋਂ ਬਚਾਏ ਸਾਰੇ ਰੁਪਏ ਰੱਖ ਦਿੱਤੇ ਸਨ। ਹੁਣ ਹੋ ਗਿਆ ਨਾ ਮੇਰਾ ਨੁਕਸਾਨ । -ਚਿੰਕੀ ਰੋਂਦੇ ਹੋਏ ਬੋਲਿਆ।

ਤਦੇ ਸੋਨ ਚਿੜਾ ਉਥੇ ਪਹੁੰਚਿਆ ਅਤੇ ਚਿੰਕੀ ਦੇ ਪੈਸੇ ਵਾਪਸ ਕਰਨ ਲੱਗਾ- ਬੇਟਾ, ਹਰੇਕ ਜੀਵ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਆਪਣੀ ਲੋੜ ਅਨੁਸਾਰ ਕੋਈ ਨਾ ਕੋਈ ਸਾਧਨ ਜੁਟਾਉਂਦਾ ਹੈ। ਪ੍ਰੰਤੂ ਅਗਰ ਕਿਸੇ ਕਾਰਣ ਉਸ ਦੇ ਉਹ ਸਾਧਨ ਨਸ਼ਟ ਹੋ ਜਾਣ ਜਾਂ ਜਮਾ ਪੂੰਜੀ ਲੁਟ ਜਾਏ ਤਾਂ ਉਹਨੂੰ ਬਹੁਤ ਦੁੱਖ ਹੁੰਦਾ ਹੈ, ਜਿਵੇਂ ਆਪਣੇ ਪੈਸੇ ਨਾ ਪਾ ਕੇ ਤੈਨੂੰ ਹੋਇਆ ਹੈ। ਅਸੀਂ ਵੀ ਤਿਨਕਾ-ਤਿਨਕਾ ਜੋੜ ਕੇ ਆਪਣਾ ਆਲ੍ਹਣਾ ਬਣਾਇਆ ਸੀ। ਉਸ ਦੇ ਨਾ ਮਿਲਣ ਤੇ ਸਾਡਾ ਅਤੇ ਸਾਡੇ ਬੱਚਿਆਂ ਦਾ ਇਸ ਬਰਸਾਤੀ ਮੌਸਮ ਵਿੱਚ ਕੀ ਹਾਲ ਹੁੰਦਾ ਇਸਦਾ ਅੰਦਾਜਾ ਹੁਣ ਤੁਸੀਂ ਭਲੀ ਪ੍ਰਕਾਰ ਲਗਾ ਸਕਦੇ ਹੋ।

ਚਿੜੇ ਦੀ ਗੱਲ ਸੁਣ ਕੇ ਚਿੰਕੀ ਬਹੁਤ ਸ਼ਰਮਿੰਦਾ ਹੋਇਆ ਅਤੇ ਸੋਨ ਚਿੜੇ ਤੋਂ ਮਾਫ਼ੀ ਮੰਗਣ ਲਈ ਉਸਦੇ ਪੈਰਾਂ ਵਿੱਚ ਝੁਕ ਗਿਆ।

ਅੰਕਲ ਪਲੀਜ਼! ਮੈਨੂੰ ਮਾਫ਼ ਕਰ ਦਿਉ, ਹੁਣ ਮੈਂ ਭਵਿੱਖ ਵਿੱਚ ਕਦੇ ਵੀ ਆਪਣੀ ਖੁਸ਼ੀ ਲਈ ਕਿਸੇ ਦੂਸਰੇ ਦਾ ਨੁਕਸਾਨ ਨਹੀਂ ਕਰਾਂਗਾ।

ਉਸ ਦੀ ਗੱਲ ਸੁਣ ਕੇ ਸੋਨ ਚਿੜੇ ਨੇ ਕਿਹਾ- ਮੈਨੂੰ ਖੁਸ਼ੀ ਹੈ ਕਿ ਤੈਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੈ। ਉਂਝ ਵੀ ਸਵੇਰ ਦਾ ਭੁੱਲਿਆ ਅਗਰ ਸ਼ਾਮ ਨੂੰ ਘਰ ਆ ਜਾਏ ਤਾਂ ਉਹਨੂੰ ਭੁੱਲਿਆ ਨਹੀਂ ਕਹਿੰਦੇ। ■





# ਦਾਦਾ ਜੀ

ਚਿਤੱਰਕਾਰ ਅਤੇ ਲੇਖਕ - ਅਜੈ ਕਾਲੜਾ




ਜਾਦੂਗਰ ਨੇ ਨੌਜਵਾਨ ਤੋਂ ਪੁੱਛਿਆ ਕਿ ਤੂੰ ਜਾਦੂ ਕਿਉਂ ਸਿਖਣਾ ਚਾਹੁੰਦਾ ਹੈ। ਨੌਜਵਾਨ ਬੋਲਿਆ - ਮੈਂ ਜਾਦੂ ਨਾਲ ਆਪਣੀ ਇੱਛਾ ਅਨੁਸਾਰ ਵਸਤੂਆਂ ਪਾਉਣਾ ਚਾਹੁੰਦਾ ਹਾਂ।
ਜਾਦੂਗਰ ਨੇ ਨੌਜਵਾਨ ਨੂੰ ਸਮਝਾਇਆ ਕਿ ਇਹ ਸਭ ਵਸਤੂਆਂ ਤੂੰ ਲੋੜ ਅਨੁਸਾਰ ਮਿਹਨਤ ਕਰਕੇ ਵੀ ਪ੍ਰਾਪਤ ਕਰ ਸਕਦਾ ਹੈ।
ਨੌਜਵਾਨ ਨਹੀਂ ਮੰਨਿਆ ਅਤੇ ਬੋਲਿਆ - ਮੈਂ ਇਹ ਸਭ ਜਾਦੂ ਨਾਲ ਪ੍ਰਾਪਤ ਕਰਕੇ ਲੋਕਾਂ ਨੂੰ ਹੈਰਾਨ ਕਰਨਾ ਚਾਹੁੰਦਾ ਹਾਂ।
ਨੌਜਵਾਨ ਦੀ ਜ਼ਿੱਦ ਤੇ ਜਾਦੂਗਰ ਨੇ ਕਿਹਾ - ਠੀਕ ਹੈ ਮੈਂ ਤੈਨੂੰ ਇਕ ਗੁਰ-ਮੰਤਰ ਦਿੰਦਾ ਹਾਂ ਜੋ ਤੈਨੂੰ ਇਥੇ ਬੈਠ ਕੇ ਯਾਦ ਕਰਨਾ ਪਏਗਾ ਜਦ ਤਕ ਮੈਂ ਜਾਦੂ ਦਿਖਾ ਰਿਹਾ ਹਾਂ।




ਜਾਦੂਗਰ ਨੇ ਇਕ ਕਾਗਜ ਤੇ ਗੁਰ-ਮੰਤਰ ਲਿਖਿਆ ਅਤੇ ਨੌਜਵਾਨ ਨੂੰ ਦੇ ਕੇ ਜਾਦੂ ਵਿਖਾਉਣਾ ਸ਼ੁਰੂ ਕਰ ਦਿੱਤਾ।
ਉਸ ਦਾ ਜਾਦੂ ਦਾ ਖੇਡ ਐਨਾ ਜ਼ਰੂਰੀ ਸੀ ਕਿ ਲੋਕ ਵਾਰ-ਵਾਰ ਤਾੜੀਆਂ ਵਜਾ ਕੇ ਉਸ ਦਾ ਉਤਸਾਹ ਵਧਾ ਰਹੇ ਸਨ। ਜਾਦੂਗਰ ਨੇ 30 ਮਿੰਟ ਵਿੱਚ ਹੀ ਆਪਣਾ ਖੇਡ ਸਮਾਪਤ ਕਰ ਦਿੱਤਾ।
ਖੇਡ ਸਮਾਪਤ ਹੁੰਦੇ ਹੀ ਜਾਦੂਗਰ ਨੇ ਨੌਜਵਾਨ ਤੋਂ ਉਹ ਕਾਗਜ ਵਾਪਸ ਲੈ ਕੇ ਮੰਤਰ ਸੁਣਾਉਣ ਲਈ ਕਿਹਾ! ਨੌਜਵਾਨ ਮੰਤਰ ਸੁਣਾਉਣ ਵਿੱਚ ਅਸਫਲ ਰਿਹਾ।
ਜਾਦੂਗਰ ਨੇ ਪੁੱਛਿਆ- 'ਤੈਨੂੰ ਮੰਤਰ ਯਾਦ ਕਿਉਂ ਨਹੀਂ ਹੋਇਆ।





ਜਾਦੂਗਰ ਨੇ ਅਗੇ ਕਿਹਾ - ਜਦ ਤੂੰ ਆਪਣੇ ਮਨ ਨੂੰ ਹੀ ਵਸ ਵਿੱਚ ਨਹੀਂ ਕਰ ਸਕਦਾ ਤਾਂ ਦੂਸਰੀਆਂ ਵਸਤੂਆਂ ਨੂੰ ਆਪਣੇ ਵਸ ਵਿੱਚ ਕਿਵੇਂ ਕਰੇਗਾ। ਸੱਚ ਤਾਂ ਇਹ ਹੈ ਕਿ ਮੈਂ ਜਾਦੂ ਜਾਣਨ ਦੇ ਬਾਦ ਵੀ ਆਪਣੀ ਇੱਛਾ ਨਾਲ ਕੁਝ ਵੀ ਵਸ ਵਿੱਚ ਨਹੀਂ ਕਰ ਸਕਦਾ ਬਲਕਿ ਜਾਦੂ ਦੇ ਮਾਧਿਅਮ ਨਾਲ ਰੋਜੀ-ਰੋਟੀ ਕਮਾਉਂਦਾ ਹਾਂ। ਜਿੰਦਗੀ ਨੂੰ ਜਾਦੂ ਜਾਂ ਸੁਪਨਿਆਂ ਨਾਲ ਨਾ ਜੋੜੋ, ਮਿਹਨਤ ਕਰੋ ਕਿਉਂਕਿ ਜਾਦੂ ਅਤੇ ਹਕੀਕਤ ਵਿੱਚ ਫਰਕ ਹੁੰਦਾ ਹੈ।

# ਬੁੱਧੀ ਦੀ ਪਰਖ

ਦੋਹਾਂ ਚਿੱਤਰਾਂ ਵਿਚੋਂ
10 ਅੰਤਰ ਲੱਭੋ!





kids Nirankari

spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the Registrar of Newspaper For India Under RNI No. 32345/77 : Delhi Postal Regd. No. G-3/DL (N)/137/2018-20
Licence No. U (DN)-60/2018-20
Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ) ਅਤੇ
'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ-
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ
PH. 011–47660200, E-mail : patrika@nirankari.org

## ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

## ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 1st Floor, 50, Morbag Road, Naigaon, Dadar (E) MUMBAI -400 014 (Mah.) Ph. 22-24102047 | Sant Nirankari Satsang Bhawan, 88, Rattanvillas Road, Southend Circle, Basavangudi, BENGALURU-560 004 (Karnataka) Ph. 080-26577212 | Sant Nirankari Satsang Bhawan, 894, G.T. Road, Laxmipur-2 East Bardhman—713101 Ph. 0342-2657219 |

## ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)